A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 286 Website : www.punjabiakhbaar.ca Email: editor@punjabiakhbaar.ca Friday, 20 February 2026

# ਪਿਛਲੇ ਸਾਲ ਹੋਈਆਂ ਫ਼ੈਡਰਲ ਚੋਣਾਂ ਵਿੱਚ ਕਾਫ਼ੀ ਫਸਵੇਂ ਮੁਕਾਬਲੇ ਵਾਲੀ ਇੱਕ ਸੀਟ ਦਾ ਨਤੀਜਾ ਸੁਪਰੀਮ ਕੋਰਟ ਆਫ਼ ਕੈਨੇਡਾ ਨੇ ਰੱਦ ਕਰ ਦਿੱਤਾ

## ਲਿਬਰਲ ਐਮਪੀ ਟੈਟੀਆਨਾ ਔਗਸਟੇ ਨੇ ਪਿਛਲੇ ਸਾਲ ਹੋਈਆਂ ਫ਼ੈਡਰਲ ਚੋਣਾਂ ਵਿੱਚ ਟੈਰੀਬੌਨ ਰਾਈਡਿੰਗ ਇੱਕ ਵੋਟ ਦੇ ਫ਼ਰਕ ਨਾਲ ਜਿੱਤੀ ਸੀ।

ਔਟਵਾ(ਪੰਜਾਬੀ ਅਖ਼ਬਾਰ ਬਿਊਰੋ) ਸੁਪਰੀਮ ਕੋਰਟ ਆਫ਼ ਕੈਨੇਡਾ ਨੇ ਪਿਛਲੇ ਸਾਲ ਹੋਈਆਂ ਫ਼ੈਡਰਲ ਚੋਣਾਂ ਵਿੱਚ ਕਾਫ਼ੀ ਫਸਵੇਂ ਮੁਕਾਬਲੇ ਵਾਲੀ ਇੱਕ ਸੀਟ ਦਾ ਨਤੀਜਾ ਰੱਦ ਕਰ ਦਿੱਤਾ। ਇਸ ਫੈਸਲੇ ਨਾਲ ਹੁਣ ਮੌਂਟਰੀਅਲ ਇਲਾਕੇ ਦੀ ਟੈਰੀਬੌਨ ਰਾਈਡਿੰਗ ਵਿੱਚ ਜ਼ਿਮਨੀ ਚੋਣ ਕਰਵਾਉਣੀ ਪਵੇਗੀ। ਇਸ ਹਲਕੇ ਤੋਂ ਪਹਿਲਾਂ ਬਲੌਕ ਕਿਊਬੈਕਵਾ ਦੀ ਉਮੀਦਵਾਰ ਜੇਤੂ ਐਲਾਨੀ ਗਿਆ ਸੀ। ਪਰ ਬਾਅਦ ਵਿੱਚ ਜੂਡੀਸ਼ੀਅਲ ਰੀਕਾਊਂਟ (ਨਿਆਂਇਕ ਮੁੜ-ਗਿਣਤੀ) ਦੌਰਾਨ ਇਹ ਸੀਟ 1 ਵੋਟ ਦੇ ਫ਼ਰਕ ਨਾਲ ਲਿਬਰਲ ਪਾਰਟੀ ਦੀ ਝੋਲੀ ਪੈ ਗਈ ਸੀ।ਤਾਂ ਬਲੌਕ ਦੀ ਉਮੀਦਵਾਰ ਨੇਟਹੈਲੀ ਸਿਨਲੇਅਰ-ਡੈਸਗੈਗਨੇ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਨਤੀਜਾ ਰੱਦ ਕਰਕੇ ਨਵੀਂ ਚੋਣ ਕਰਵਾਈ ਜਾਵੇ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਇੱਕ ਵੋਟਰ ਦੀ ਡਾਕ ਰਾਹੀਂ ਭੇਜੀ ਗਈ ਵੋਟ ਲਿਫਾਫੇ 'ਤੇ ਗ਼ਲਤ ਛਪਾਈ ਕਾਰਨ ਉਸਨੂੰ ਵਾਪਸ ਭੇਜ ਦਿੱਤੀ ਗਈ ਸੀ। ਇਸ ਵੋਟਰ, ਇਮੈਨੂਐਲ ਬੌਸੇ ਨੇ ਆਪਣੀ ਵੋਟ ਬਲੌਕ ਨੂੰ ਪਾਈ ਸੀ।ਇਲੈਕਸ਼ਨਜ਼ ਕੈਨੇਡਾ ਨੇ ਗਲਤੀ ਮੰਨੀ ਸੀ, ਪਰ ਕਿਹਾ ਸੀ ਕਿ ਨਤੀਜੇ ਪਹਿਲਾਂ ਹੀ ਫਾਈਨਲ ਹੋ ਚੁੱਕੇ ਹਨ। ਮੁੜ-ਗਿਣਤੀ ਤੋਂ ਬਾਅਦ ਲਿਬਰਲ ਉਮੀਦਵਾਰ ਟੈਟੀਆਨਾ ਔਗਸਟੇ ਨੂੰ ਜੇਤੂ ਐਲਾਨਿਆ ਗਿਆ ਸੀ ਅਤੇ ਉਹ ਐਮਪੀ ਵਜੋਂ ਸਹੁੰ ਚੁੱਕ ਕੇ ਟੈਰੀਬੌਨ ਦੀ ਨੁਮਾਇੰਦਗੀ ਕਰ ਰਹੇ ਹਨ।

ਅਕਤੂਬਰ ਵਿੱਚ ਇਕ ਸੁਪੀਰੀਅਰ ਕੋਰਟ ਦੇ ਜੱਜ ਨੇ ਨੇਟਹੈਲੀ ਸਿਨਲੇਅਰ-ਡੈਸਗੈਗਨੇ ਦੀ ਦੁਬਾਰਾ ਚੋਣ ਦੀ ਮੰਗ ਖ਼ਾਰਜ ਕਰ ਦਿੱਤੀ ਸੀ। ਜੱਜ ਨੇ ਕਿਹਾ ਸੀ ਕਿ ਪੋਸਟਲ ਕੋਡ ਦੀ ਗ਼ਲਤੀ ਮਨੁੱਖੀ ਗ਼ਲਤੀ ਸੀ ਅਤੇ ਇਹ ਫ਼ੈਡਰਲ ਚੋਣ ਕਾਨੂੰਨ ਦੇ ਤਹਿਤ ਕੋਈ ਗੜਬੜੀ ਨਹੀਂ ਬਣਦੀ। ਪਰ ਸੁਪਰੀਮ ਕੋਰਟ ਨੇ ਦਲੀਲਾਂ ਸੁਣਨ ਤੋਂ ਬਾਅਦ ਉਹ ਫੈਸਲਾ ਰੱਦ ਕਰ ਦਿੱਤਾ। ਅਦਾਲਤ ਦੇ ਫੈਸਲੇ ਤੋਂ ਬਾਅਦ ਨੇਟਹੈਲੀ ਨੇ ਕਿਹਾ, ਮੈਂ ਆਸਵੰਦ ਹਾਂ ਕਿ ਅੱਜ ਲੋਕਤੰਤਰ ਦੀ ਰੱਖਿਆ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਇਲੈਕਸ਼ਨਜ਼ ਕੈਨੇਡਾ ਨੇ ਨਾ ਸਿਰਫ਼ ਪੋਸਟਲ ਕੋਡ ਵਿੱਚ ਗ਼ਲਤੀ ਕੀਤੀ, ਸਗੋਂ ਆਪਣੀ ਗ਼ਲਤੀ ਠੀਕ ਕਰਨ ਵਿੱਚ ਵੀ ਗ਼ਲਤੀ ਕੀਤੀ।ਇਲੈਕਸ਼ਨਜ਼ ਕੈਨੇਡਾ ਦੇ ਬੁਲਾਰੇ ਨੇ ਕਿਹਾ ਕਿ ਸੰਸਥਾ ਇਸ ਫੈਸਲੇ ਨੂੰ ਸਵੀਕਾਰਦੀ ਹੈ ਅਤੇ ਟੈਰੀਬੌਨ ਵਿੱਚ ਜ਼ਿਮਨੀ ਚੋਣ ਕਰਵਾਉਣ ਲਈ ਤਿਆਰ ਹੈ। ਪਿਛਲੇ ਸਾਲ ਦੇ ਅੰਤ ਵਿੱਚ ਦੋ ਕੰਜ਼ਰਵੇਟਿਵ ਮੈਂਬਰ ਲਿਬਰਲ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ, ਜਿਸ ਕਾਰਨ ਲਿਬਰਲਾਂ ਨੂੰ ਬਿਨਾਂ ਵਿਰੋਧੀ ਸਮਰਥਨ ਦੇ ਕਾਨੂੰਨ ਪਾਸ ਕਰਨ ਲਈ ਸਿਰਫ਼ ਇੱਕ ਹੋਰ ਸੀਟ ਦੀ ਲੋੜ ਸੀ। ਪਰ ਹਾਲ ਹੀ ਵਿੱਚ ਦੋ ਸਾਬਕਾ ਕੈਬਨਿਟ ਮੰਤਰੀਆਂ, ਕ੍ਰਿਸਟੀਆ ਫ੍ਰੀਲੈਂਡ ਅਤੇ ਬਿਲ ਬਲੇਅਰ, ਨੇ ਅਸਤੀਫ਼ਾ ਦੇ ਦਿੱਤਾ, ਜਿਸ ਨਾਲ ਉਨ੍ਹਾਂ ਦੀਆਂ ਸੀਟਾਂ ਜ਼ਿਮਨੀ ਚੋਣ ਤੱਕ ਖ਼ਾਲੀ ਹਨ। ਇਸ ਸਮੇਂ ਲਿਬਰਲਜ਼ ਬਹੁਮਤ ਤੋਂ ਤਿੰਨ ਸੀਟਾਂ ਦੂਰ ਹਨ। ਹਾਲਾਂਕਿ ਫ੍ਰੀਲੈਂਡ ਅਤੇ ਬਲੇਅਰ ਦੀਆਂ ਸੀਟਾਂ ਲਿਬਰਲਾਂ ਲਈ ਕਾਫ਼ੀ ਮਜ਼ਬੂਤ ਮੰਨੀਆਂ ਜਾਂਦੀਆਂ ਹਨ, ਪਰ ਟੈਰੀਬੌਨ ਵਿੱਚ ਮੁਕਾਬਲਾ ਕਾਫ਼ੀ ਫਸਵਾਂ ਰਹਿਣ ਦੀ ਸੰਭਾਵਨਾ ਹੈ।ਹੁਣ ਜਦੋਂ ਸਪੀਕਰ ਸੀਟ ਖ਼ਾਲੀ ਹੋਣ ਦਾ ਐਲਾਨ ਕਰੇਗਾ ਅਤੇ ਸੀਟ ਖ਼ਾਲੀ ਹੋਣ ਤੋਂ ਘੱਟੋ-ਘੱਟ 11 ਦਿਨ ਬਾਅਦ ਹੀ ਸਰਕਾਰ ਚੋਣ ਦੀ ਤਾਰੀਖ਼ ਦਾ ਐਲਾਨ ਕਰ ਸਕਦੀ ਹੈ।



Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner harmanb@bnadebtsolutions.ca
Simmie Pandher Senior Administrator Simmiep@bnadebtsolutions.ca
• Licensed Insolvency Trustees • Proposal Administrators
BNA™ Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

SAHIL MITTU
Director
+1 548 400 0001
www.affinitycabinets.ca
info@affinitycabinets.ca
Unit - H, 2121 39 Avenue NE, Calgary AB - T2E 6R7
Affinity CABINETS
Closets
Wet Bars
Book Shelving
Cabinetry
ਘਰ ਦੀ ਦਿੱਖ ਵੁੱਡ ਵਰਕ ਵਿੱਚੋਂ ਹੀ ਬੋਲਦੀ ਹੈ
ਨਵੇਂ ਜਾਂ ਪੁਰਾਣੇ ਘਰਾਂ ਵਿੱਚ ਕਿਚਨ ਕੈਬਿਨਟ,ਵੈੱਟਬਾਰ,ਬੁੱਕ ਸ਼ੈਲਫ਼ ਆਦਿ ਦਾ ਸ਼ਾਨਦਾਰ ਅਤੇ ਵਾਜਿਬ ਕੀਮਤ ਉੱਪਰ ਕੰਮ ਕਰਵਾਉਣ ਲਈ ਸੰਪਰਕ ਕਰੋ

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


HARMONY®
HARBOUR
ਜਿੱਥੇ ਹਰ ਮੌਸਮ ਘਰ ਵਰਗਾ ਮਹਿਸੂਸ ਹੁੰਦਾ ਹੈ
ਝੀਲ ਅਤੇ ਬੀਚ। ਗੋਲਫ। ਪਾਰਕ ਅਤੇ ਮਨੋਰੰਜਨ । ਸ਼ਹਿਰ ਅਤੇ ਪਹਾੜ ਵੀ ਨੇੜੇ
ਨਵਾਂ ਫੇਸ
ਹੁਣ ਵੇਚ ਰਹੇ ਹਾਂ !
Starting from the high $500s
ਰਜਿਸਟਰ ਕਰਨ ਲਈ ਹੁਣੇ ਸਕੈਨ ਕਰੋ !
liveinharmony.ca




ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀਅਤ ਦਾ ਪਰਚਮ

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 12 No: 286 Website : www.punjabiakhbaar.ca Email: editor@punjabiakhbaar.ca Friday, 20 February 2026


# ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਅੰਡਰਕਵਰ ਏਜੰਟ ਕੋਲ ਮੰਨਿਆ ਸੀ ਕਿ ਹਰਦੀਪ ਨਿੱਝਰ ਵੀ ਉਹਨਾਂ ਦੇ ਨਿਸ਼ਾਨੇ ’ਤੇ ਸੀ

ਯੂ ਐਸ ਏ ( ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਵਿੱਚ ਸਿੱਖ ਵੱਖਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਵਿੱਚ ਭੂਮਿਕਾ ਦਾ ਦੋਸ਼ ਕਬੂਲਣ ਵਾਲੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੇ ਅਮਰੀਕੀ ਡਰੱਗ ਐਂਨਫੋਰਸਮੈਂਟ ਪ੍ਰਸ਼ਾਸਨ (ਡੀ ਈ ਏ) ਦੇ ਅੰਡਰਕਵਰ ਏਜੰਟ ਕੋਲ ਮੰਨਿਆ ਸੀ ਕਿ ਹਰਦੀਪ ਸਿੰਘ ਨਿੱਝਰ ਵੀ ‘ਨਿਸ਼ਾਨੇ’ ਉੱਤੇ ਸੀ। ਗੁਪਤਾ ਨੇ ਇਹ ਦਾਅਵਾ ਨਿੱਝਰ ਦੀ ਕੈਨੇਡਾ ਵਿੱਚ ਅਣਪਛਾਤੇ ਹਥਿਆਰਬੰਦਾਂ ਵੱਲੋਂ ਹੱਤਿਆ ਤੋਂ ਇੱਕ ਦਿਨ ਬਾਅਦ ਕੀਤਾ ਸੀ।



ਕੈਨੇਡੀਅਨ ਨਾਗਰਿਕ ਨਿੱਝਰ ਨੂੰ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਗੁਰਦੁਆਰੇ ਦੀ ਪਾਰਕਿੰਗ ’ਚ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ ਸੀ। ਨਿਆਂ ਵਿਭਾਗ ਨੇ ਕੋਰਟ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਕਿ ਨਿੱਝਰ ਦੇ ਕਤਲ ਤੋਂ ਅਗਲੇ ਦਿਨ 19 ਜੂਨ 2023 ਨੂੰ ਗੁਪਤਾ ਨੇ ਅੰਡਰਕਵਰ ਕੋਲ ਉਪਰੋਕਤ ਗੱਲ ਕਬੂਲੀ ਸੀ। ਨਿਆਂ ਵਿਭਾਗ ਨੇ ਕਿਹਾ ਕਿ ਨਿੱਝਰ ਪਾਬੰਦੀਸ਼ੁਦਾ ਜਥੇਬੰਦੀ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਦੇ ਮੁਖੀ ਪੰਨੂ ਦਾ ਨੇੜਲਾ ਸਾਥੀ ਸੀ।

ਅਮਰੀਕੀ ਵਕੀਲਾਂ ਅਨੁਸਾਰ ਗੁਪਤਾ ਨੇ ਅੰਡਰਕਵਰ ਏਜੰਟ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਜੂਨ 2023 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਾਸ਼ਿੰਗਟਨ ਫੇਰੀ ਮੌਕੇ ਪੰਨੂ ਦੀ ਹੱਤਿਆ ਨੂੰ ਅੰਜਾਮ ਨਾ ਦੇਵੇ। ਨਿਆਂ ਵਿਭਾਗ ਨੇ ਦੋਸ਼ ਲਗਾਇਆ ਹੈ ਕਿ ਗੁਪਤਾ ਨੇ ਭਾਰਤ ਅਤੇ ਕੇਸ ਦੇ ਸਹਿ ਮੁਲਜ਼ਮ ਵਿਕਾਸ ਯਾਦਵ ਸਣੇ ਹੋਰਨਾਂ ਨਾਲ ਮਿਲ ਕੇ ਕੰਮ ਕੀਤਾ। ਯਾਦਵ ਨੂੰ ਚਾਰਜਸ਼ੀਟ ਵਿੱਚ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦਾ ਕਰਮਚਾਰੀ ਦੱਸਿਆ ਗਿਆ ਹੈ, ਜਿਸ ਵਿੱਚ ਦੇਸ਼ ਦੀ ਬਾਹਰੀ ਖੁਫੀਆ ਏਜੰਸੀ, ਖੋਜ ਅਤੇ ਵਿਸ਼ਲੇਸ਼ਣ ਵਿੰਗ ਹੈ। ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਯਾਦਵ ਦੇ ਨਿਰਦੇਸ਼ਾਂ ’ਤੇ ਗੁਪਤਾ ਨੇ ਨਿਊਯਾਰਕ ਸਿਟੀ ਵਿੱਚ ਭਾੜੇ ’ਤੇ ਕਤਲ ਦਾ ਪ੍ਰਬੰਧ ਕਰਨ ਲਈ ਇੱਕ ਵਿਅਕਤੀ ਨਾਲ ਸੰਪਰਕ ਕੀਤਾ ਜਿਸ ਨੂੰ ਉਹ ਅਪਰਾਧਿਕ ਸਹਿਯੋਗੀ ਮੰਨਦਾ ਸੀ। ਉਹ ਵਿਅਕਤੀ ਅਸਲ ਵਿੱਚ ਡੀ ਈ ਏ ਨਾਲ ਕੰਮ ਕਰਨ ਵਾਲਾ ਗੁਪਤ ਸਰੋਤ ਸੀ। ਉਸ ਨੇ ਗੁਪਤਾ ਨੂੰ ਕਥਿੱਤ ਹਿੱਟਮੈਨ, ਜੋ ਅੰਡਰਕਵਰ ਡੀ ਈ ਏ ਅਧਿਕਾਰੀ ਸੀ, ਨਾਲ ਮਿਲਾਇਆ ਸੀ। ਅਮਰੀਕੀ ਅਧਿਕਾਰੀਆਂ ਨੇ ਦੋਸ਼ ਲਗਾਇਆ ਹੈ ਕਿ ਯਾਦਵ ਨੇ ਗੁਪਤਾ ਰਾਹੀਂ ਕਤਲ ਲਈ 1,00,000 ਡਾਲਰ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਸੀ ਅਤੇ ਜੂਨ 2023 ਵਿੱਚ ਐਡਵਾਂਸ ਵੱਜੋਂ 15,000 ਡਾਲਰ ਨਕਦ ਦੀ ਅਦਾਇਗੀ ਕੀਤੀ ਗਈ। ਤਫ਼ਤੀਸ਼ਕਾਰਾਂ ਦਾ ਕਹਿਣਾ ਹੈ ਕਿ ਅੰਡਰਕਵਰ ਏਜੰਟ ਨੂੰ ਸੰਭਾਵੀ ਨਿਸ਼ਾਨੇ ਦੇ ਨਿੱਜੀ ਵੇਰਵੇ, ਜਿਸ ਵਿੱਚ ਘਰ ਦਾ ਪਤਾ, ਫੋਨ ਨੰਬਰ ਅਤੇ ਰੋਜ਼ਾਨਾ ਦੀਆਂ ਸਰਗਰਮੀਆਂ ਸ਼ਾਮਲ ਹਨ, ਦੇ ਨਾਲ ਸਮੇਂ-ਸਮੇਂ ’ਤੇ ਅਪਡੇਟਸ ਅਤੇ ਨਿਗਰਾਨੀ ਫੋਟੋਆਂ ਵੀ ਮੁਹੱਈਆ ਕੀਤੀਆਂ ਗਈਆਂ। ਨਿਖਿਲ ਗੁਪਤਾ ਨੂੰ 30 ਜੂਨ, 2023 ਨੂੰ ਚੈੱਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਮਗਰੋਂ ਅਮਰੀਕਾ ਦੇ ਸਪੁਰਦ ਕਰ ਦਿੱਤਾ ਗਿਆ। ਬੀਤੇ ਦਿਨੀ ਗੁਪਤਾ ਨੇ ਅਮਰੀਕੀ ਕੋਰਟ ਵਿੱਚ ਇਸ ਮਾਮਲੇ ’ਚ ਦੋਸ਼ ਕਬੂਲ ਕੀਤੇ ਹਨ। ਅਦਾਲਤ ਵਿੱਚ ਕੇਸ ਚਲਣਾ ਬਾਕੀ ਹੈ।






















# ਨਾਟਕਕਾਰ ਜਤਿੰਦਰ ਸਿੰਘ ਬਰਾੜ ਨੂੰ ਭਾਵ ਭਿੰਨੀ ਸ਼ਰਧਾਂਜ਼ਲੀ ਦਿੱਤੀ ਗਈ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਫਰਵਰੀ ਮਹੀਨੇ ਦੀ ਮੀਟਿੰਗ ਫਰਵਰੀ 7, 2026 ਨੂੰ ਪ੍ਰਧਾਨ ਜਸਵੀਰ ਸਿੰਘ ਸਿਹੋਤਾ ਅਤੇ ਸਰਬਜੀਤ ਉੱਪਲ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿੱਚ ਹੋਈ। ਜਗਦੇਵ ਸਿੰਘ ਸਿੱਧੂ ਨੇ ਨਾਟਕਕਾਰ ਜਤਿੰਦਰ ਸਿੰਘ ਬਰਾੜ ਜੀ ਦੀ 24 ਜਨਵਰੀ ਨੂੰ ਹੋਈ ਮੌਤ ਦੀ ਦੁਖਦਾਈ ਖ਼ਬਰ ਸਾਂਝੀ ਕੀਤੀ। ਉਨ੍ਹਾਂ ਨਾਲ ਆਪਣੀ ਨੇੜਤਾ ਦੱਸਦੇ ਕਿਹਾ ਕਿ ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣਾ ਤੋਂ 1968 ਵਿੱਚ ਮਕੈਨੀਕਲ ਇੰਜਨੀਅਰਿੰਗ ਦੀ ਡਿਗਰੀ ਪ੍ਰਾਪਤ ਕਰ ਮਾਰਕਫੈੱਡ ਵਿੱਚ ਨੌਕਰੀ ਕਰਨ ਵਾਲੇ ਜਤਿੰਦਰ ਸਿੰਘ ਬਰਾੜ ਚਿੱਤਰਕਾਰੀ ਤੇ ਫੋਟੋਗਰਾਫੀ ਵਰਗੀਆਂ ਕੋਮਲ ਕਲਾਵਾਂ ਦੇ ਨਾਲ ਨਾਲ 'ਟੋਆ' ਤੇ 'ਕੁਦੇਸਣ' ਅਤੇ ਇਸੇ ਤਰ੍ਹਾਂ ਦੇ ਹੋਰ ਮਸ਼ਹੂਰ ਨਾਟਕਾਂ ਦੇ ਰਚੇਤਾ ਸਨ। ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਦੇ ਸਾਹਮਣੇ ਆਪਣੀ ਫੈਕਟਰੀ ਦੇ ਸਥਾਨ ਤੇ 'ਨਾਟਸ਼ਾਲਾ' ਸਥਾਪਤ ਕੀਤੀ, ਜਿਸ ਵਿੱਚ ਉਚਪਾਏ ਦੇ ਨਾਟਕ ਖੇਡੇ ਜਾਂਦੇ ਹਨ। ਸਭਾ ਵਲੋਂ ਵਿਛੜੀ ਰੂਹ ਨੂੰ ਭਾਵ-ਭਿੰਨੀ ਸ਼ਰਧਾਂਜਲੀ ਪੇਸ਼ ਕੀਤੀ।

ਵੈਲਟਾਈਨਜ਼ ਡੇ, ਫੈਮਲੀ ਡੇ ਅਤੇ ਸੰਸਾਰ ਵਿੱਚ ਬਦਲਦੀਆਂ ਰਾਜਨੀਤਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਡੈਮੋਕ੍ਰੇਸੀ ਦੀ ਸਥਿਤੀ ਬਾਰੇ ਹਾਜ਼ਰ ਮੈਂਬਰਾਂ ਨੇ ਆਪੋ ਆਪਣੇ ਢੰਗ ਨਾਲ ਵਿਚਾਰ ਸਾਂਝੇ ਕੀਤੇ। ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ ਸਾਡੇ ਸੱਭਿਆਚਾਰ ਵਿੱਚ ਪ੍ਰਵਾਰ ਲਈ ਹਰ ਦਿਨ ਮਹੱਤਵਪੂਰਨ ਹੈ, ਇਸ ਲਈ 'ਫੈਮਲੀ ਡੇ' ਹੁੰਦਾ ਹੈ। ਸੁਖਮੰਦਰ ਗਿੱਲ ਨੇ ਇਨ੍ਹਾਂ ਦਿਨਾਂ ਨੂੰ ਮੁਖਾਤਬ ਕਵਿਤਾਵਾਂ ਤੇ ਗੀਤ ਨਾਲ ਸਾਂਝ ਪਾਈ। ਗੁਰਨਾਮ ਕੌਰ ਨੇ ਪੂਰੀ ਉਮਰ ਹੰਢਾ ਬੁਢਾਪੇ ਵਿੱਚ ਪਹੁੰਚੇ ਬਜ਼ੁਰਗਾਂ ਲਈ ਬੁਢਾਪੇ ਦੀ ਜ਼ਿੰਦਗੀ ਨੂੰ ਮਜ਼ੇਦਾਰ ਦਰਸਾਉਂਦੀ ਕਵਿਤਾ ਪੇਸ਼ ਕੀਤੀ। ਸਨੀ ਸਵੈਚ ਨੇ ਆਪਣੇ ਹੀ ਅੰਦਾਜ਼ ਵਿੱਚ ਆਪਣੀ ਵਿਅੰਗਮਈ ਹਾਸਰਸ ਰਚਨਾ ਫੈਮਲੀ ਡੇ ਨੂੰ ਸਮਰਪਤ ਕੀਤੀ। ਸੁਰਿੰਦਰ ਢਿੱਲੋਂ ਨੇ ਅਜੋਕੀ ਡੈਮੋਕਰੇਸੀ ਦੀ ਪ੍ਰੀਭਾਸ਼ਾ ਨੂੰ ਇਸ ਪ੍ਰਕਾਰ 'Democracy is Buy the people, Zar the people, Ozz the people' ਦੱਸਦੇ ਹੋਏ ਡੈਮੋਕਰੇਸੀ ਵਿੱਚੋਂ ਆਮ ਲੋਕਾਂ ਦੀ ਰਾਏ ਦੀ ਪ੍ਰਤੱਖ ਤੌਰ ਤੇ ਹੋ ਰਹੀ ਗੈਰਹਾਜ਼ਰੀ ਨੂੰ ਦਰਸਾਇਆ ਅਤੇ ਕਿਹਾ ਕਿ ਹੁਣ ਹਰ ਥਾਂ ਪੈਸਾ ਪ੍ਰਧਾਨ ਹੈ, ਪ੍ਰਵਾਰਾਂ ਵਿੱਚ ਵੀ ਤੇ ਰਾਜਨੀਤੀ ਵਿੱਚ ਵੀ। ਚਰਨਦੀਪ ਕੌਰ ਨੇ ਆਪਣੇ ਨਿੱਜੀ ਤਜਰਬਿਆਂ ਦਾ ਹਵਾਲਾ ਦੇਂਦੇ ਕਿਹਾ ਕਿ ਜੇ ਮਾਂ ਨੂੰ ਪਤਾ ਲਗ ਜਾਵੇ ਕਿ ਮਾਂ ਕਿਵੇਂ ਬਣਨਾ ਹੈ ਤਾਂ ਬੱਚਿਆਂ ਨੂੰ ਸਹੀ ਸਿੱਖਿਆ ਦੇਣਾ ਸੌਖਾ ਹੋ ਜਾਵੇਗਾ। ਗੁਰਦੀਸ਼ ਗਰੇਵਾਲ ਨੇ ਵੈਲਨਟਾਈਨ ਤੇ ਫੈਮਲੀ ਡੇ ਸਬੰਧੀ ਆਪਣਾ ਰਚਨਾਵਾਂ ਪੇਸ਼ ਕੀਤੀਆਂ। ਸੋਹਨ ਸਿੰਘ ਭੁੱਚੋ ਨੇ ਡੈਮੋਕਰੇਸੀ ਦੇ ਬਦਲ ਰਹੇ ਸਰੂਪ ਤੇ ਚਿੰਤਾ ਪ੍ਰਗਟਾਈ। 'ਕਿੰਨਾ ਪਿਆਰਾ ਚਾਨਣ ਸੀ ਦੀਵੇ ਦੀ ਲਾਟ ਦਾ, ਜਿੱਥੇ ਹੁੰਗਾਰਾ ਭਰਦਾ ਸੀ ਦਾਦੀ ਦੀ ਬਾਤ ਦਾ' ਰਾਹੀਂ ਆਦਰਸ਼ ਪਰਿਵਾਰ ਦੀ ਬਣਤਰ ਦਰਸਾਈ। ਇੰਜ: ਜੀਰ ਸਿੰਘ ਬਰਾੜ ਨੇ ਕਿਹਾ ਕਿ ਡੈਮੋਕਰੇਸੀ ਲੋਕਾਂ ਦੇ ਹੱਥਾਂ ਵਿੱਚ ਹੈ, ਜੋ ਵੀ ਈਮਾਨਦਾਰੀ ਨਾਲ ਸਹੀ ਕੰਮ ਕਰਦਾ ਹੈ, ਚਾਹੇ ਉਹ ਸਭ ਤੋਂ ਹੇਠਲੇ ਦਰਜੇ ਦਾ ਜਾਂ ਉੱਚ ਅਫ਼ਸਰ ਹੋਵੇ, ਉਹ ਸਰਕਾਰ ਹੁੰਦਾ ਹੈ। ਪਰੀਤ ਸਾਗਰ ਨੇ 'ਨੱਤੀ ਬਣਾਵਾਂ ਕੰਨ ਦੀ, ਜਾਂ ਛਾਪ ਬਣਜਾ ਉਂਗਲ ਦੀ ਤੈਨੂੰ ਕਦੇ ਨਾ ਲਾਹਵਾਂ' ਆਪਣੀ ਰਚਨਾ ਨਾਲ ਵੈਲਨਟਾਈਨਜ਼ ਡੇ ਬਾਰੇ ਗੱਲ ਕੀਤੀ। ਅਮਨ ਦੂੱਲਤ ਨੇ ਅਜੋਕੀ ਡੈਮੋਕ੍ਰੇਸੀ ਨੂੰ ਛਲਾਵਾ ਦੱਸਦੇ ਪੁਰਾਣੇ ਸਮੇਂ ਦੀਆਂ ਪੰਚ-ਪ੍ਰਧਾਨੀ ਸੰਸਥਾਵਾਂ ਦੀ ਅਹਿਮੀਅਤ ਦਰਸਾਈ। ਸੰਦੀਪ ਰੂਹਵ ਨੇ 'ਬਹੁਤੀਆਂ ਕੁੜੀਆਂ' ਤੇ 'ਵੈਲਨਟਾਈਨਜ਼ ਡੇ' ਆਪਣੀਆਂ ਕਵਿਤਾਵਾਂ ਸੁਣਾਈਆਂ। ਹਰਮਿੰਦਰ ਪਾਲ ਸਿੰਘ ਨੇ 'ਆ ਵੇ ਮਾਹੀ, ਬੜਾ ਚੰਗਾ ਲਗਦਾ' ਗੀਤ ਗਾ ਕੇ ਪੇਸ਼ ਕੀਤਾ। ਸਰਬਜੀਤ ਉੱਪਲ ਨੇ ਰਿਸ਼ਤਿਆਂ ਵਿੱਚ ਫੁੱਫੜ ਦੇ ਰਿਸ਼ਤੇ ਤੇ ਹਾਸਰਸ ਕਵਿਤਾ ਸੁਣਾਈ। ਪਰਮਜੀਤ ਸਿੰਘ ਭੰਗੂ ਨੇ ਸੰਤ ਰਾਮ ਉਦਾਸੀ ਦੇ ਗੀਤ ਨੂੰ ਬੁਲੰਦ ਆਵਾਜ਼ ਵਿੱਚ ਗਾਇਆ।











ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਉਨ ਲੋਡ ਕਰੋ
App Store
Play Store



# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ ਪ੍ਰਸ਼ੋਤਮ ਭਾਰਦਵਾਜ ਨੂੰ ਚੇਤੇ ਕੀਤਾ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 9 ਫ਼ਰਵਰੀ ਨੂੰ ਵੀਵੋ ਦੇ ਹਾਲ ਵਿੱਚ ਹੋਈ। ਐਸੋਸੀਏਸ਼ਨ ਦੇ ਬਾਨੀ ਪ੍ਰਸ਼ੋਤਮ ਦਾਸ ਭਾਰਦਵਾਜ ਦੀ ਪਹਿਲੀ ਬਰਸੀ ਦਾ ਦਿਨ ਹੋਣ ਕਾਰਨ ਉਨ੍ਹਾਂ ਪ੍ਰਤੀ ਸ਼ਰਧਾ-ਸੁਮਨ ਭੇਟ ਕੀਤੇ ਗਏ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਕਿਹਾ ਕਿ ਇਹ ਸੰਸਥਾ ਦਾਸ ਜੀ ਦਾ ਲਾਇਆ ਹੋਇਆ ਬੂਟਾ ਹੈ ਜਿਸ ਨੂੰ ਅਸੀਂ ਪਿਆਰ ਅਤੇ ਸਤਿਕਾਰ ਦੇ ਪਾਣੀ ਨਾਲ਼ ਸਿੰਜਣਾ ਹੈ। ਉਨ੍ਹਾਂ ਨੇ ਦਾਸ ਜੀ ਨੂੰ ਪਿਆਰ ਵਾਲ਼ੇ, ਨਿਮਰਤਾ ਵਾਲ਼ੇ ਅਤੇ ਉੱਚੇ-ਸੁੱਚੇ ਕਿਰਦਾਰ ਵਾਲ਼ੇ ਮਨੁੱਖ ਵੱਜੋਂ ਯਾਦ ਕੀਤਾ। ਮੀਟਿੰਗ ਵਿੱਚ ਹਾਜ਼ਰ ਭਾਰਦਵਾਜ ਜੀ ਦੇ ਪੋਤਰੇ ਅਰਜਨ ਨੂੰ ਸੰਬੋਧਿਤ ਹੁੰਦਿਆਂ ਉਸ ਨੂੰ ਆਪਣੇ ਦਾਦਾ ਜੀ ਦੇ ਨਕਸ਼ੇ-ਕਦਮਾਂ ਉਪਰ ਚੱਲਣ ਅਤੇ ਉਸ ਵਿਰਾਸਤ ਨੂੰ ਅੱਗੇ ਲਿਜਾਣ ਦੀ ਅਪੀਲ ਕੀਤੀ। ਦਾਸ ਜੀ ਦੇ ਸਹਿਯੋਗੀ ਅਤੇ ਐਸੋਸੀਏਸ਼ਨ ਦੇ ਮੋਢੀ ਦਿਲਾਵਰ ਸਮਰਾ ਨੇ ਦੱਸਿਆ ਕਿ ਦਾਸ ਜੀ ਨੇ ਉਦੋਂ ਇਕੱਲੇ-ਇਕੱਲੇ ਨਾਲ਼ ਸੰਪਰਕ ਕਰ ਕੇ ਇਹ ਸੰਸਥਾ ਸਥਾਪਿਤ ਕਰਨ ਦੀ ਵਿਉਂਤ ਬਣਾਈ ਅਤੇ ਨਾ ਸਿਰਫ਼ ਉਸ ਨੂੰ ਨੇਪਰੇ ਚਾੜ੍ਹਿਆ ਸਗੋਂ ਸੁਚੱਜੀ ਤੇ ਯੋਗ ਅਗਵਾਈ ਸਦਕਾ ਇਸ ਨੂੰ ਕੈਲਗਰੀ ਦੀ ਵੱਕਾਰੀ ਸੰਸਥਾ ਬਨਾਉਣ ਵਿੱਚ ਮੋਹਰੀ ਰੋਲ ਅਦਾ ਕੀਤਾ। ਜਸਵੀਰ ਸਿਹੋਤਾ ਨੇ ਭਾਰਦਵਾਜ ਜੀ ਦੁਆਰਾ ਸਮੇਂ-ਸਮੇਂ 'ਤੇ ਬੋਲੇ ਜਾਂ ਲਿਖੇ ਕੁੱਝ ਸ਼ੇਅਰ, ਕਾਵਿ-ਟੋਟਕੇ ਅਤੇ ਸਿਆਣਪ ਦੇ ਨੁਕਤੇ ਯਾਦਾਂ ਦੀ ਪਟਾਰੀ ਵਿੱਚੋਂ ਕੱਢ ਕੇ ਸਾਹਮਣੇ ਲਿਆਂਦੇ। ਜੰਗਪਾਲ ਖੋਸਾ ਨੇ ਪ੍ਰਸ਼ੋਤਮ ਦਾਸ ਭਾਰਦਵਾਜ, ਅਜਾਇਬ ਸਿੰਘ ਸੇਖੋਂ ਅਤੇ ਦਿਲਾਵਰ ਸਮਰਾ ਦੀ ਤਿੱਕੜੀ ਦੁਆਰਾ ਸੰਸਥਾ ਖੜ੍ਹੀ ਕਰਨ ਵਿੱਚ ਕੀਤੇ ਅਣਥੱਕ ਜਤਨਾਂ ਦੀ ਯਾਦ ਦਿਲਵਾਈ। ਸਕੱਤਰ ਵੱਜੋਂ ਮੰਚ ਦਾ ਸੰਚਾਲਨ ਕਰ ਰਹੀ ਸੁਖਵਿੰਦਰ ਕੌਰ ਸੁੱਖੀ ਨੇ ਤਸੱਲੀ ਜਤਾਈ ਕਿ ਅਸੀਂ ਭਾਰਦਵਾਜ ਜੀ ਦੇ ਅਸੂਲਾਂ ਉਪਰ ਪਹਿਰਾ ਦੇ ਰਹੇ ਹਾਂ। ਮਨਦੀਪ ਕੌਰ ਨੇ ਕਿਹਾ ਕਿ ਉਹ ਸਾਨੂੰ ਪਿਆਰ ਦਾ ਵਿਰਸਾ ਸੰਭਾਲ਼ ਗਏ ਹਨ। ਉਸ ਨੇ ਮੰਨਿਆਂ ਕਿ ਪਲਾਹਾ ਜੀ ਉਸ ਦੇ ਰੋਲ-ਮਾਡਲ ਹਨ। ਉਸ ਨੇ ਕਿਹਾ ਕਿ ਸਾਨੂੰ ਇੱਥੇ ਆ ਕੇ ਪਿਆਰ ਤੇ ਸਤਿਕਾਰ ਮਿਲਦਾ ਹੈ। ਨੌਜਵਾਨਾਂ ਦੇ ਕੁਰਾਹੇ ਪੈਣ ਦਾ ਕਾਰਨ ਦੱਸਿਆ ਕਿ ਅਸੀਂ ਉਨ੍ਹਾਂ ਨੂੰ ਉਸਾਰੂ ਮਾਹੌਲ ਨਹੀਂ ਦੇ ਸਕੇ। ਮਨਦੀਪ ਨੇ ਕਵਿਤਾ ਰਾਹੀਂ ਵੀ ਇਹੋ ਸੁਨੇਹਾ ਦਿੱਤਾ - ਚਾਰ ਦਿਨ ਕੀ ਜ਼ਿੰਦਗੀ ਹੈ, ਬਸ ਚੈਨ ਸੇ ਬਸਰ ਕੀਜੀਏ।

ਅਗਲੇ ਦਿਨਾਂ ਵਿੱਚ ਆ ਰਹੇ ਵੈਲੈਨਟਾਈਨ-ਡੇ ਬਾਰੇ ਦੌਰ ਸ਼ੁਰੂ ਹੁੰਦਿਆਂ ਪਲਾਹਾ ਜੀ ਨੇ ਕੁੱਝ ਅਸੂਲ ਗਿਣਾਏ ਜੋ ਅਪਨਾਉਣਯੋਗ ਹਨ - ਜ਼ਿੰਦਗੀ ਵਿੱਚ ਇਮਾਨਦਾਰੀ ਤੇ ਸਚਾਈ, ਮਿਲ ਬੈਠ ਕੇ ਆਪਣੇ ਬਾਰੇ ਸੋਚਣਾ, ਬੋਲਣ ਵਿੱਚ ਮਿਠਾਸ, ਕਿਸੇ ਬਾਰੇ ਸੋਚ ਕੇ ਹਾਂ-ਪੱਖੀ ਟਿੱਪਣੀ ਕਰਨੀ ਅਤੇ ਹਰੇਕ ਦੇ ਵਿਲੱਖਣ ਵਿਅੱਕਤਿਤਵ ਦਾ ਸਤਿਕਾਰ ਕਰਨਾ। ਅਮਰੀਕ ਸਿੰਘ ਨੇ ਪਤੀ-ਪਤਨੀ ਦੇ ਆਪਸੀ ਰਿਸ਼ਤੇ ਨੂੰ ਕਵਿਤਾ ਰਾਹੀਂ ਖ਼ੂਬਸੂਰਤ ਪ੍ਰੀਭਾਸ਼ਾ ਦਿੱਤੀ। ਸੁਰਿੰਦਰਜੀਤ ਪਲਾਹਾ ਅਤੇ ਅਮਰਜੀਤ ਕੌਰ ਪਲਾਹਾ ਨੇ ਕਮਾਲ ਦੀ ਸੁਰ ਵਿੱਚ ਇਹ ਗੀਤ ਗਾ ਕੇ ਰੋਮਾਂਟਿਕ ਮਾਹੌਲ ਸਿਰਜ ਧਰਿਆ - ਇਕ ਪਿਆਰ ਕਾ ਨਗ਼ਮਾ ਹੈ, ਮੌਜੋਂ ਕੀ ਰਵਾਨੀ ਹੈ / ਜ਼ਿੰਦਗੀ ਔਰ ਕੁਛ ਭੀ ਨਹੀਂ, ਤੇਰੀ ਮੇਰੀ ਕਹਾਨੀ ਹੈ। ਸ਼ਮਿੰਦਰ ਕੰਮੋਹ ਅਤੇ ਸੁਰਜੀਤ ਕੌਰ ਕੰਮੋਹ ਦੀ ਜੋੜੀ ਨੇ ਮਾਹੌਲ ਨੂੰ ਇਸ ਗੀਤ ਰਾਹੀਂ ਹੋਰ ਵੀ ਰੌਚਿਕ ਬਣਾਇਆ - ਕਿਆ ਖ਼ੂਬ ਲਗਤੀ ਹੋ ਬੜੀ ਸੁੰਦਰ ਲਗਤੀ ਹੋ। ਸੁਖਮੰਦਰ ਗਿੱਲ ਦੇ ਗੀਤ ਨੇ ਹੋਰ ਰੰਗ ਭਰਿਆ - ਸਾਰੀ ਦੁਨੀਆਂ ਤੇਰੀ ਸੁਹਣਿਆਂ ਪਰ ਤੂੰ ਮੇਰਾ ਕੱਲੀ ਦਾ। ਅਸ਼ੋਕ ਵਰਮਾ ਨੇ ਉਮਰ ਦੇ ਨਾਲ਼ ਆਉਂਦੀ ਵਿਹਾਰਕ ਤਬਦੀਲੀ ਬਾਰੇ ਕਵਿਤਾ ਪੜ੍ਹੀ। ਜੋਗਾ ਸਿੰਘ ਲੈਹਲ ਨੇ ਹਸਾਉਣ ਤੋਂ ਇਲਾਵਾ ਔਰਤ ਦੀ ਮਹਾਨਤਾ ਨੂੰ ਸਿਜਦਾ ਕੀਤਾ। ਕਰਮ ਸਿੰਘ ਭੁੱਲਰ ਨੇ ਵੀ ਹਸਾਉਣ ਦੇ ਨਾਲ਼ ਕਵਿਤਾ ਰਾਹੀਂ ਇਜ਼ਹਾਰ ਕੀਤਾ - ਪਿਆਰ ਤਾਂ ਆਪੇ ਹੋ ਜਾਂਦਾ ਹੈ। ਸੁਰਿੰਦਰ ਕਾਲੀਆ ਨੇ ਗੀਤ ਰਾਹੀਂ ਮਹਿਬੂਬਾ ਨੂੰ ਚੰਦ ਵਰਗੀ ਕਿਹਾ। ਦਰਸ਼ਨ ਸਿੰਘ ਗਿੱਲ ਨੇ ਪੌਸ਼ਟਿਕ ਭੋਜਨ ਬਾਰੇ ਅਤੇ ਸੁਖਦੇਵ ਬੈਂਸ ਨੇ ਸੁਖਾਵੇਂ ਘਰੇਲੂ ਮਾਹੌਲ ਬਾਰੇ ਵਿੱਚਾਰ ਰੱਖੇ। ਤਰਜੀਤ ਸਿੰਘ ਲਾਲੀ ਨੇ ਮਿਸਾਲ ਦੇ ਕੇ ਔਰਤ ਦੇ ਯੋਗਦਾਨ ਨੂੰ ਮਾਨਤਾ ਦਿੱਤੀ। ਮਨਦੀਪ ਕੌਰ, ਸਰਬਜੀਤ ਕੌਰ ਅਤੇ ਜਸਮਿੰਦਰ ਕੌਰ ਨੇ - ਸੂਈ ਵੇ-ਲੋਕਗੀਤ ਗਾ ਕੇ ਰੌਣਕ ਲਾਈ। ਉਨ੍ਹਾਂ ਨੇ ਬਾਕੀ ਸਖੀਆਂ ਨਾਲ਼ ਮਿਲ ਕੇ ਕੋਰਸ ਗੀਤ ਗਾਇਆ- ਤੇਰੀਆਂ ਮੁਹੱਬਤਾਂ ਨੇ ਮਾਰ ਸੁੱਟਿਆ। ਜਿਸ ਮੁਹਾਰਤ ਨਾਲ਼ ਸੁੱਖੀ ਨੇ ਕਾਰਵਾਈ ਨੂੰ ਅੰਜਾਮ ਦਿੱਤਾ ਉਸ ਦੀ ਭਰਵੀਂ ਸ਼ਲਾਘਾ ਹੋਈ। ਉਸ ਨੇ ਤਣਾਅ-ਮੁਕਤ, ਖ਼ੁਸ਼ ਰਹਿਣ ਅਤੇ ਆਸ-ਪਾਸ ਤੋਂ ਜਲੌਅ ਲੈਣ ਦੀ ਗੱਲ ਕਹੀ। ਸੁਰਿੰਦਰਜੀਤ ਪਲਾਹਾ ਦੁਆਰਾ ਸਭ ਦਾ ਧੰਨਵਾਦ ਕਰਨ ਉਪ੍ਰੰਤ ਸਾਰਿਆਂ ਨੇ ਲਜ਼ੀਜ਼ ਭੋਜਨ ਦਾ ਲੁਤਫ਼ ਲਿਆ।


ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।

403-232-6220

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263

SUPERVISA
Medical Insurance

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

403 404 3500
sidhu.harpinder@gmail.com



Harpinder Sidhu
REGIONAL MANAGER

Lovepreet Sidhu
REGIONAL MANAGER

## ਐਸਾ ਵਰ ਦੇਈਂ ਮਾਲਕਾ, ਪਹਿਲੇ ਰਿਸ਼ਤੇ ਨਾ ਜਾਣ ਤਰੇੜੇ

# ਅਰਪਨ ਲਿਖਾਰੀ ਸਭਾ ਦੀ ਮਿਲਣੀ ਮੌਕੇ ਜਸਵੀਰ ਸਿਹੋਤਾ ਦੇ ਬੋਲ ਗੂੰਜੇ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ 14 ਫ਼ਰਵਰੀ ਨੂੰ ਕੋਸੋ ਹਾਲ ਵਿੱਚ ਹੋਈ। ਇਸ ਦੀ ਪ੍ਰਧਾਨਗੀ ਸਤਨਾਮ ਸਿੰਘ ਸ਼ੇਰਗੱਲ, ਜਸਵੀਰ ਸਿਹੋਤਾ, ਪ੍ਰਿੰਸੀਪਲ ਚਰਨਦੀਪ ਕੌਰ ਅਤੇ ਤਰਲੋਕ ਚੁੱਘ ਨੇ ਕੀਤੀ। ਸਕੱਤਰ ਬਲਜਿੰਦਰ ਕੌਰ ਮਾਂਗਟ ਨੇ ਸਭ ਨੂੰ ਜੀਅ-ਆਇਆਂ ਕਹਿਣ ਮਗਰੋਂ ਵੈਲੈਨਟਾਈਨ ਡੇ, ਫੈਮਿਲੀ ਡੇ ਅਤੇ ਬਲੈਕ ਹਿਸਟਰੀ ਮਹੀਨੇ ਦੀ ਅਹਿਮੀਅਤ ਬਾਰੇ ਸੰਖੇਪ ਬਿ-ਰਾ ਦਿੱਤਾ। ਪਿਛਲੇ ਦਿਨੀਂ ਬੀਸੀ ਸੂਬੇ ਦੇ ਟੰਬਲਰ ਰਿੱਜ ਸਕੂਲ ਵਿੱਚ ਹੋਈ ਗੋਲ਼ੀਬਾਰੀ ਦਾ ਸ਼ਿਕਾਰ ਮ੍ਰਿਤਕਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਸਭਾ ਦੇ ਸਭ ਤੋਂ ਪੁਰਾਣੇ ਮੈਂਬਰ ਸਤਨਾਮ ਸਿੰਘ ਸ਼ੇਰਗਿੱਲ ਨੇ ਗ਼ਦਰੀ ਯੋਧੇ ਭਾਈ ਮੇਵਾ ਸਿੰਘ ਲੋਪੋ ਕੇ ਨੂੰ ਯਾਦ ਕੀਤਾ। ਉਸ ਨੇ ਕੈਨੇਡਾ ਵਿੱਚ ਰਹਿਣ ਸਮੇ ਇੱਥੋਂ ਦੇ ਕਾਇਦੇ-ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ। ਪੈਰੀ ਮਾਹਲ ਨੇ ਅੱਧੀ ਸਦੀ ਦੀਆਂ ਪਰਵਾਸ ਬਾਰੇ ਸਰਕਾਰੀ ਨੀਤੀਆਂ ਦੀ ਵਿਆਖਿਆ ਕੀਤੀ। ਸੁਖਮੰਦਰ ਗਿੱਲ ਨੇ ਆਪਣੇ ਗੀਤ ਗਾ ਕੇ ਕਈ ਵੰਨਗੀਆਂ ਪੇਸ਼ ਕੀਤੀਆਂ - ਇਹ ਜੋ ਗੀਤ ਮੇਰੇ ਜਾਇਦਾਦਾਂ ਨੇ, ਅਤੇ ਵੈਲੈਨਟਾਈਨ ਡੇ ਨੂੰ ਸਮਰਪਿਤ ਗੀਤ - ਕੀ ਦੇਈਏ ਫੁੱਲ ਗੁਲਾਬਾਂ ਦੇ, ਉਹ ਆਪ ਗੁਲਾਬਾਂ ਵਰਗੇ ਐ। ਕੇਸਰ ਸਿੰਘ ਨੀਰ ਦੀ ਸਪੁੱਤਰੀ ਕਿਰਨਜੋਤ ਕੌਰ ਨੇ ਵੈਲੈਨਟਾਈਨ ਡੇ ਮਨਾਉਣ ਦੇ ਪਿਛੋਕੜ ਉਪਰ ਝਾਤ ਪੁਆਈ। ਜਸਵੀਰ ਸਿਹੋਤਾ ਦੀ ਤਾਜ਼ਾ ਕਵਿਤਾ ਸੀ - ਐਸਾ ਵਰ ਦੇਈਂ ਮਾਲਕਾ, ਪਹਿਲੇ ਰਿਸ਼ਤੇ ਨਾ ਜਾਣ ਤਰੇੜੇ / ਕਿਤੇ ਵੰਡੀਆਂ ਨਾ ਪੈਣ ਸਾਂਝੇ ਰਹਿਣ ਸਦਾ ਵਿਹੜੇ। ਪ੍ਰਿੰਸੀਪਲ ਚਰਨਦੀਪ ਕੌਰ ਦੀ ਪਿੰਡਾਂ ਦੇ ਸੁੱਚੇ ਸਭਿਆਚਾਰ ਬਾਰੇ ਮਿੱਠੀ ਆਵਾਜ਼ ਅਤੇ ਵਧੀਆ ਅੰਦਾਜ਼ ਵਿੱਚ ਪੇਸ਼ ਕੀਤੀ ਨਜ਼ਮ ਨੇ ਕਾਵਿ-ਮਈ ਮਾਹੌਲ ਸਿਰਜ ਦਿੱਤਾ ਜਿਸ ਨੂੰ ਸੋਹਣ ਸਿੰਘ ਭੁੱਚੋ ਦੁਆਰਾ ਗਾਏ ਤਾਜ਼ਾ ਲਿਖੇ ਗੀਤ ਨੇ ਰੋਮਾਂਟਿਕ ਕਰ ਦਿੱਤਾ - ਸੂਹੇ ਚੀਰੇ ਵਾਲ਼ਿਆ ਵੇ ਬੜੇ ਸੁਹਣੇ ਲਗਦੇ ਨੇ, ਚੰਨਾਂ ਤੇਰੀ ਪਗੜੀ ਦੇ ਪੇਚ ਵੇ। ਜ਼ੀਰ ਸਿੰਘ ਬਰਾੜ ਨੇ ਜੀਵਨ ਦੇ ਤਲਖ ਤਜਰਬੇ ਸਾਂਝੇ ਕੀਤੇ। ਬਲਵਿੰਦਰ ਸਿੰਘ ਮਾਨ ਨੇ ਲੋੜ ਤੋਂ ਵੱਧ ਵਡਿਆਈ ਕਰਨ ਜਾਂ ਊਣਤਾਈ ਜਤਾਉਣ ਦੇ ਪੰਜਾਬੀ ਸੁਭਾਅ ਬਾਰੇ ਵਿਚਾਰ ਰੱਖਦਿਆਂ ਬੱਚਿਆਂ ਨੂੰ ਫ਼ਰਜ਼ਾਂ ਤੋਂ ਜਾਣੂ ਕਰਾਉਣ ਦੀ ਗੱਲ ਕਹੀ। ਬਲਦੇਵ ਸਿੰਘ ਦੁੱਲਟ ਨੇ ਕਈ ਸੱਚੀਆਂ ਘਟਨਾਵਾਂ ਦੀਆਂ ਮਿਸਾਲਾਂ ਦੇ ਕੇ ਰਿਸ਼ਤਿਆਂ ਵਿੱਚ ਆਏ ਨਿਘਾਰ ਤੋਂ ਸੁਚੇਤ ਕੀਤਾ। ਹਰਮਿੰਦਰਪਾਲ ਸਿੰਘ ਨੇ ਸੁਰੀਲੀ ਆਵਾਜ਼ ਵਿੱਚ ਗ਼ਜ਼ਲ ਪੇਸ਼ ਕਰ ਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ - ਹਮ ਕੋ ਕਿਸ ਕੇ ਗ਼ਮ ਨੇ ਮਾਰਾ, ਯੇਹ ਕਹਾਨੀ ਫਿਰ ਸਹੀ / ਕਿਸ ਨੇ ਤੋੜਾ ਦਿਲ ਹਮਾਰਾ, ਯੇਹ ਕਹਾਨੀ ਫਿਰ ਸਹੀ। ਸੁਖਵਿੰਦਰ ਤੂਰ ਨੇ ਉਜਾਗਰ ਸਿੰਘ ਕਾਮਲ ਦਾ ਲਿਖਿਆ ਇਹ ਗੀਤ ਸੁਰ ਅਤੇ ਲੈਅ ਵਿੱਚ ਗਾ ਕੇ ਰੰਗ ਬੰਨ੍ਹਿਆਂ - ਕੋਈ ਆਵੇ ਵੇ ਕੋਈ ਆਵੇ / ਚਿਰੋਂ ਵਿੱਛੁੰਨੇ ਸੱਜਣਾਂ ਦਾ ਕੋਈ ਸੁੱਖ ਸੁਨੇਹਾ ਲਿਆਵੇ। ਤਰਲੋਕ ਚੁੱਘ ਨੇ ਹਸਾਇਆ ਵੀ ਪਰ ਜਿਸ ਅੰਦਾਜ਼ ਨਾਲ਼ ਸ਼ੇਅਰ ਅਰਜ਼ ਕੀਤੇ, ਦਰਸ਼ਕਾਂ ਨੇ ਉਸ ਦੀ ਭਰਪੂਰ ਪ੍ਰਸ਼ੰਸਾ ਕੀਤੀ। ਚਰਨਜੀਤ ਸਿੰਘ ਦਿੱਲੀ, ਬਾਜਵਾ ਚੰਡੀਗੜ੍ਹ, ਪ੍ਰਮਿੰਦਰ ਮਾਂਗਟ ਅਤੇ ਹੋਰਾਂ ਨੇ ਵਿੱਚਾਰ-ਚਰਚਾ ਵਿੱਚ ਹਿੱਸਾ ਲਿਆ। ਜਗਦੇਵ ਸਿੱਧੂ ਨੇ ਉਦਾਹਰਣਾਂ ਦੇ ਕੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਮੈਂਬਰਾਂ ਦਾ ਭਰਵੀਂ ਹਾਜ਼ਰੀ ਲਈ ਧੰਨਵਾਦ ਕੀਤਾ। ਬਲਜਿੰਦਰ ਕੌਰ ਮਾਂਗਟ ਨੇ ਬੁਲਾਰਿਆਂ ਬਾਰੇ ਸੰਖੇਪ ਜਾਣਕਾਰੀ ਅਤੇ ਪੇਸ਼ਕਾਰੀਆਂ ਬਾਰੇ ਉਸਾਰੂ ਟਿੱਪਣੀਆਂ ਕਰਦਿਆਂ ਹੋਇਆਂ ਸ਼ਲਾਘਾਪੂਰਨ ਤਰਤੀਬ ਅਤੇ ਮੁਹਾਰਤ ਨਾਲ਼ ਕਾਰਵਾਈ ਚਲਾਈ। ਉਸ ਨੇ ਸਾਰਿਆਂ ਨੂੰ ਅਗਲੀ 14 ਮਾਰਚ ਨੂੰ ਹੋਣ ਵਾਲ਼ੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ।











# ਅਮਰੀਕੀ ਟੈਰਿਫ਼ ਪ੍ਰਭਾਵ ਹੇਠ-ਦੇਸ਼ ਦਾ ਬੇਉਮੀਦਾ ਸੁਸਤ ਬਜਟ

**ਦੇਸ਼ ਵਿੱਚ ਜਿਸ ਢੰਗ ਨਾਲ਼ ਅਮੀਰ ਅਤੇ .ਗਰੀਬ ਆਬਾਦੀ ਵਿੱਚ ਪਾੜਾ ਵਧ ਰਿਹਾ ਹੈ, ਡਿਜ਼ੀਟਲ ਯੁੱਗ ਵਿੱਚ ਇਹ ਪਾੜਾ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਬਜਟ ਵਿੱਚ ਗੰਭੀਰਤਾ ਨਾਲ਼ ਕੋਈ ਵੀ ਅਜਿਹੀ ਉਮੀਦ ਨਹੀਂ ਦਿਸਦੀ ਜੋ ਇਹ ਪਾੜਾ ਘਟਾ ਸਕੇ। ਇੱਥੋਂ ਤੱਕ ਕਿ ਸਿਹਤ ਖੇਤਰ ਵਿੱਚ ਵੀ ਪੁੱਟੇ ਗਏ ਬਜਟੀ ਕਦਮ ਨਿੱਜੀ ਖੇਤਰ ਵਿੱਚ ਬਿਮਾਰੀਆਂ ਦੀ ਜਾਂਚ, ਜ਼ਰੂਰੀ ਦੇਖਭਾਲ ਅਤੇ ਇਲਾਜ ਵੱਲ ਮੋੜੇ ਗਏ ਹਨ, ਜੋ ਉੱਚ ਵਰਗ ਅਤੇ ਵੱਡੀ ਆਮਦਨ ਵਾਲੇ ਲੋਕਾਂ ਨੂੰ ਤਾਂ .ਫਾਇਦਾ ਦੇ ਸਕਦੇ ਹਨ, ਪਰ ਆਮ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ। ਕੈਂਸਰ ਦੀਆਂ 17 ਦਵਾਈਆਂ ਦੇ ਭਾਅ ਘੱਟ ਕਰਨ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ। ਪੰਜ ਖੇਤਰੀ ਮੈਡੀਕਲ ਹੱਬ ਬਣਾਉਣਾ ਵੀ ਇਸ ਵਿੱਚ ਸ਼ਾਮਲ ਹੈ, ਪਰ ਆਮ ਲੋਕਾਂ ਦੀ ਇਹਨਾਂ ਤੱਕ ਪਹੁੰਚ ਇੱਕ ਵੱਡਾ ਸਵਾਲ ਹੈ।**



ਗੁਰਮੀਤ ਸਿੰਘ ਪਲਾਹੀ
9815802070

-ਗੁਰਮੀਤ ਸਿੰਘ ਪਲਾਹੀ

ਦੇਸ਼ ਦਾ ਆਮ ਬਜਟ 2026-27 ਠੰਢੀ ਵਿਕਾਸ ਦਰ, ਗ਼ਰੀਬੀ ਅਤੇ ਵਧਦੀ ਨਾ-ਬਰਾਬਰੀ, ਨਿਵੇਸ਼ ਵਿੱਚ ਠਹਿਰਾਅ, ਵਿਆਪਕ ਬੇਰੁਜ਼ਗਾਰੀ ਅਤੇ ਕਲਿਆਣਕਾਰੀ ਯੋਜਨਾਵਾਂ ਨੂੰ ਪਿੱਠ ਵਿਖਾਉਣ ਵਾਲਾ ਹੈ। ਰੁਪਏ ਦਾ ਭਾਅ ਡਾਲਰ ਮੁਕਾਬਲੇ ਘਟਣ, ਬੁਨਿਆਦੀ ਢਾਂਚੇ ਅਤੇ ਜ਼ਰੂਰੀ ਸੇਵਾਵਾਂ ਦੀ ਮੰਗ ਤੇ ਪੂਰਤੀ ਦੇ ਵਿਚਕਾਰ ਪੈ ਰਹੇ ਵੱਡੇ ਪਾੜੇ ਪ੍ਰਤੀ ਵੱਧ ਰਹੀ ਚਿੰਤਾ ਪ੍ਰਤੀ ਇਹ ਬਜਟ ਅਣਭਿੱਜ ਹੈ। ਸਰਕਾਰ ਨੇ ਉਪਰੋਕਤ ਵਿਸ਼ਿਆਂ ਪ੍ਰਤੀ ਵੱਧ ਰਹੀਆਂ ਚਿੰਤਾਵਾਂ ਬਾਰੇ ਆਪਣੀ ਨੀਤੀ ਬਜਟ ਵਿੱਚ ਬਿਲਕੁਲ ਵੀ ਸਪਸ਼ਟ ਨਹੀਂ ਕੀਤੀ।

ਸਾਲ 2025-26 ਦੇ ਬਜਟ ਵਿੱਚ ਪੇਂਡੂ ਤੇ ਸ਼ਹਿਰੀ ਵਿਕਾਸ, ਸਿੱਖਿਆ, ਸਿਹਤ ਅਤੇ ਕਈ ਹੋਰ ਮਹਿਕਮਿਆਂ ਦੇ ਬਜਟ ਵਿੱਚ ਕਟੌਤੀ ਕੀਤੀ ਗਈ ਹੈ, ਜਦਕਿ ਰੱਖਿਆ ਬਜਟ 15 ਫ਼ੀਸਦੀ ਵਧਾ ਦਿੱਤਾ ਗਿਆ ਹੈ। ਖੇਤੀ ਅਤੇ ਪੇਂਡੂ ਵਿਕਾਸ ਮਹਿਕਮੇ ਦੇ ਬਜਟ ਵਿੱਚ 60,052 ਕਰੋੜ ਦੀ ਕਟੌਤੀ ਕੀਤੀ ਗਈ ਹੈ।

ਵਿੱਤ ਮੰਤਰੀ ਨੇ ਲੋਕਾਂ ਲਈ ਯੋਜਨਾਵਾਂ, ਸੰਸਥਾਨਾਂ ਅਤੇ ਸੰਮਤੀਆਂ ਦੀ ਝੜੀ ਲਗਾ ਦਿੱਤੀ। ਇਸ ਕਿਸਮ ਦੀਆਂ ਲਗਭਗ 24 ਘੋਸ਼ਣਾਵਾਂ ਕੀਤੀਆਂ ਗਈਆਂ ਹਨ, ਪਰ ਇਹਨਾਂ ਘੋਸ਼ਣਾਵਾਂ ਲਈ ਕੋਈ ਵੱਖਰਾ ਬਜਟ ਨਹੀਂ ਰੱਖਿਆ ਗਿਆ। ਕਿਹਾ ਗਿਆ ਹੈ ਕਿ ਏਆਈ ਦੇ ਖੇਤਰ ਵਿੱਚ ਭਾਰਤ ਨੂੰ ਵਿਸ਼ਵ ਪੱਧਰ 'ਤੇ ਅੱਗੇ ਵਧਣਾ ਹੋਵੇਗਾ। ਇਸ ਵਾਸਤੇ ਸਰਕਾਰ ਵਿਦੇਸ਼ੀ ਕੰਪਨੀਆਂ ਨੂੰ ਕਲਾਊਡ ਸੇਵਾਵਾਂ ਦੇ ਅਧੀਨ ਸਹੂਲਤਾਂ ਦੇਵੇਗੀ। ਪਰ ਨਵੇਂ ਭਾਰਤੀ ਉਦਮੀ, ਜੋ ਦੇਸ਼ ਛੱਡ ਕੇ ਅਮਰੀਕਾ ਜਾ ਵਸੇ ਹਨ ਅਤੇ ਉੱਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ, ਉਹਨਾਂ ਬਾਰੇ ਚੁੱਪੀ ਸਾਧੀ ਗਈ ਹੈ।

ਕਿਸਾਨਾਂ ਦੀ ਆਮਦਨ ਦੋਗੁਣੀ ਕਰਨ ਦੇ ਦਾਅਵਿਆਂ ਦੇ ਵਿਚਕਾਰ ਕਿਸਾਨਾਂ ਪ੍ਰਤੀ ਬਜਟ ਆਖ਼ਰ ਚੁੱਪ ਕਿਉਂ ਹੈ ? ਸਿਰ.ਫ ਕਾਜੂ ਅਤੇ ਨਾਰੀਅਲ ਦੀ ਖੇਤੀ ਤੋਂ ਬਿਨਾਂ ਕਿਸਾਨਾਂ ਦੀ ਕੋਈ ਗੱਲ ਹੀ ਨਹੀਂ ਕੀਤੀ ਗਈ। ਬਜਟ ਵਿੱਚ ਕਿਸਾਨਾਂ ਦੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਇਕ ਅੱਖਰ ਵੀ ਕਿਤੇ ਨਹੀਂ ਮਿਲਦਾ। ਢਾਂਚਾਗਤ ਵਿਕਾਸ ਵਿੱਚ ਸੱਤ ਰੇਲ ਗਲਿਆਰਿਆਂ ਤੋਂ ਬਿਨਾਂ ਕੋਈ ਵੱਡੀ ਘੋਸ਼ਣਾ ਦਿਖਾਈ ਨਹੀਂ ਦਿੰਦੀ। ਦੇਸ਼ ਦੇ ਅਰਥਸ਼ਾਸਤਰੀ ਡਾ. ਸੁਰਜੀਤ ਭੱਲਾ ਕਹਿੰਦੇ ਹਨ, "ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੋਣ ਦੀ ਆਤਮ-ਪ੍ਰਸੰਸਾ ਬਜਟ ਵਿੱਚ ਬੇਉਮੀਦੀ ਹੈ।" ਡਾ. ਸ੍ਰੀਰੰਗਾ ਰਾਜਨ ਨੇ ਬਜਟ ਦੀ ਸੁਸਤੀ 'ਤੇ ਸਵਾਲ ਉਠਾਏ ਹਨ। ਡਾ. ਅਸ਼ੋਕ ਗੁਲਾਟੀ ਨੇ ਖੇਤੀ ਖੇਤਰ ਦੇ ਵੱਡੇ ਹਿੱਸੇ ਤੋਂ ਮੁੱਖ ਮੋੜਨ 'ਤੇ ਦੁੱਖ ਪ੍ਰਗਟ ਕੀਤਾ ਹੈ, ਜਦਕਿ ਪ੍ਰੋਫੈਸਰ ਰੋਹਿਤ ਲਾਂਬਾ ਨੇ ਬਜਟ ਨੂੰ ਇੱਕ ਐਸੀ ਅਰਥਵਿਵਸਥਾ ਵਾਲਾ ਬਜਟ ਦੱਸਿਆ ਹੈ ਜੋ ਅਜੇ ਵੀ ਯੋਜਨਾ ਦੀ ਭਾਲ ਵਿੱਚ ਹੈ।

ਦੇਸ਼ ਦੇ ਆਰਥਿਕ ਸਰਵੇਖਣ ਸਬੰਧੀ ਕੁਝ ਤੱਥ ਸਮਝਣਯੋਗ ਹਨ, ਜੋ ਚੁਣੌਤੀਆਂ ਦੇ ਰੂਪ ਵਿੱਚ ਦੇਸ਼ ਨੂੰ ਦਰਪੇਸ਼ ਹਨ। ਪਹਿਲਾ ਇਹ ਕਿ ਵਿਦੇਸ਼ੀ ਨਿਵੇਸ਼ ਦਾ ਪ੍ਰਵਾਹ ਲਗਾਤਾਰ ਘੱਟ ਰਿਹਾ ਹੈ। ਵਿਦੇਸ਼ੀ ਨਿਵੇਸ਼ਕ ਆਪਣਾ ਨਿਵੇਸ਼ ਵਾਪਸ ਲੈ ਰਹੇ ਹਨ, ਜਿਸ ਦਾ ਸਿੱਟਾ ਇਹ ਹੈ ਕਿ ਜੀਐਫਸੀਐਫ ਜੀਡੀਪੀ ਦੇ ਲਗਭਗ ਤਿੰਨ ਫ਼ੀਸਦੀ 'ਤੇ ਅਟਕਿਆ ਹੋਇਆ ਹੈ।

ਦੂਜਾ ਇਹ ਹੈ ਕਿ ਟਰੰਪ ਵੱਲੋਂ ਸ਼ੁਰੂ ਕੀਤਾ ਗਿਆ ਭਾਰਤੀ ਵਸਤੂਆਂ 'ਤੇ ਟੈਕਸ 50 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕਰਨ ਦੀ ਘੋਸ਼ਣਾ ਕੀਤੀ ਗਈ ਹੈ। ਪਰ ਇਵੇਂ ਲੱਗਦਾ ਹੈ ਕਿ ਇਹ ਕਟੌਤੀ ਭਾਰਤ ਵੱਲੋਂ ਅਮਰੀਕੀ ਵਸਤੂਆਂ 'ਤੇ ਜ਼ੀਰੋ ਟੈਕਸ ਕਰਨ, ਹੋਰ ਰੁਕਾਵਟਾਂ ਹਟਾਉਣ ਅਤੇ 500 ਅਰਬ ਡਾਲਰ ਦੀ ਅਮਰੀਕੀ ਵਸਤੂਆਂ ਦੀ ਖਰੀਦ ਵਰਗੀਆਂ ਸ਼ਰਤਾਂ 'ਤੇ ਨਿਰਭਰ ਹੈ, ਜਿਨ੍ਹਾਂ ਨੂੰ ਪੂਰਾ ਕਰਨਾ ਭਾਰਤ ਲਈ ਮੁਸ਼ਕਲ ਹੈ।

ਤੀਜਾ ਸੰਕੇਤਕ ਜੀਡੀਪੀ, ਜੋ 2023-24 ਅਤੇ 2024-25 ਵਿੱਚ 12 ਫ਼ੀਸਦੀ ਅਤੇ 9.8 ਫ਼ੀਸਦੀ ਸੀ, ਹੁਣ 2025-26 ਵਿੱਚ ਘਟ ਕੇ 8 ਫ਼ੀਸਦੀ ਰਹਿ ਗਈ ਹੈ, ਜੋ ਲਗਾਤਾਰ ਘਟਦੀ ਜਾ ਰਹੀ ਹੈ। ਚੌਥਾ, ਬੇਰੁਜ਼ਗਾਰੀ ਦੀ ਦਰ ਵੱਧ ਰਹੀ ਹੈ। ਜੂਨ 2024 ਵਿੱਚ ਨੌਜਵਾਨ ਬੇਰੁਜ਼ਗਾਰੀ ਦਰ 15 ਫ਼ੀਸਦੀ ਸੀ। ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਪਿਛਲੇ 10 ਸਾਲਾਂ ਵਿੱਚ ਨਿਰਮਾਣ ਖੇਤਰ ਦਾ ਯੋਗਦਾਨ ਜੀਡੀਪੀ ਵਿੱਚ 15-16 ਫ਼ੀਸਦੀ ਹੀ ਰਿਹਾ ਹੈ। ਇਸ ਤਰ੍ਹਾਂ 'ਮੇਕ ਇਨ ਇੰਡੀਆ', ਜਿਸ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ, ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ।




ਅਰਥਵਿਵਸਥਾ ਦੇ ਮੋਰਚੇ 'ਤੇ ਜਿਸ ਤਰ੍ਹਾਂ ਦੀਆਂ ਵਿਸ਼ਵ ਪੱਧਰੀ ਚੁਣੌਤੀਆਂ ਖੜੀਆਂ ਹੋ ਰਹੀਆਂ ਹਨ, ਉਹਨਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਬਜਟ ਪੇਸ਼ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਸਰਕਾਰ ਦਾ ਮੰਨਣਾ ਹੈ ਕਿ ਦੇਸ਼ ਹੁਣ ਤੀਜੀ ਅਰਥਵਿਵਸਥਾ ਬਣਨ ਵੱਲ ਅੱਗੇ ਵੱਧ ਰਿਹਾ ਹੈ, ਇਸੇ ਲਈ 2026-27 ਦਾ ਬਜਟ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਬਣਾਇਆ ਗਿਆ ਹੈ। ਪਰ ਕਿਸੇ ਵੀ ਬਜਟ ਦੀ ਉਪਯੋਗਤਾ ਇਸ ਗੱਲ ਤੋਂ ਸਾਬਤ ਹੁੰਦੀ ਹੈ ਕਿ ਉਹ ਦੇਸ਼ ਦੀ ਆਰਥਿਕ ਮਜ਼ਬੂਤੀ ਵਿੱਚ ਕਿੰਨਾ ਸਹਾਇਕ ਸਾਬਤ ਹੋਇਆ ਹੈ ਅਤੇ ਉਸ ਦਾ ਅਸਰ ਆਮ ਲੋਕਾਂ ਦੇ ਜੀਵਨ 'ਤੇ ਕਿੰਨਾ ਪਿਆ ਹੈ।

ਬਜਟ ਵਿੱਚ ਨੌਜਵਾਨਾਂ ਨੂੰ ਰੁਜ਼ਗਾਰਤ ਅਤੇ ਸਵੈ-ਰੁਜ਼ਗਾਰਤ ਕਰਨ ਲਈ 1.35 ਲੱਖ ਕਰੋੜ ਰੁਪਏ ਰੱਖੇ ਗਏ ਹਨ। ਇਸ ਦੇ ਤਹਿਤ 50 ਨਵੇਂ ਆਈ.ਆਈ.ਟੀ ਅਤੇ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਹੈ। ਸਕਿਲ ਇੰਡੀਆ ਲਈ ਪੰਜ ਕਰੋੜ ਨੌਜਵਾਨਾਂ ਨੂੰ ਸਕਾਲਰਸ਼ਿਪ ਦੇਣ ਦੀ ਗੱਲ ਵੀ ਕੀਤੀ ਗਈ ਹੈ। ਇਸ ਤਰ੍ਹਾਂ ਬਜਟ ਵਿੱਚ ਬੇਰੁਜ਼ਗਾਰੀ ਦੀ ਦਰ 8 ਫ਼ੀਸਦੀ ਤੱਕ ਲਿਆਉਣ ਦਾ ਟੀਚਾ ਮਿਥਿਆ ਗਿਆ ਹੈ।

ਪਰ ਸਾਰੇ ਨਿਵੇਸ਼ ਅਤੇ ਯੋਜਨਾਵਾਂ ਨੂੰ ਕਾਮਯਾਬੀ ਨਾਲ਼ ਲਾਗੂ ਕਰਨਾ ਤਦ ਹੀ ਸੰਭਵ ਹੋਵੇਗਾ ਜੇਕਰ ਸ਼ਹਿਰਾਂ ਅਤੇ ਨਗਰਾਂ ਦੇ ਨਾਲ਼-ਨਾਲ਼ ਪੇਂਡੂ ਖੇਤਰ ਵਿੱਚ ਵੀ ਰੁਜ਼ਗਾਰ ਸਿਰਜਿਆ ਜਾਵੇ ਅਤੇ ਉਨ੍ਹਾਂ ਨੂੰ ਬਣਦੀ ਹਿੱਸੇਦਾਰੀ ਮਿਲੇ, ਜਿਸ ਤੋਂ ਆਮ ਤੌਰ 'ਤੇ ਪੇਂਡੂ ਖੇਤਰ ਵਿਰਵਾ ਰਹਿੰਦਾ ਹੈ।

ਦੇਸ਼ ਵਿੱਚ ਜਿਸ ਢੰਗ ਨਾਲ਼ ਅਮੀਰ ਅਤੇ ਗ਼ਰੀਬ ਆਬਾਦੀ ਵਿੱਚ ਪਾੜਾ ਵਧ ਰਿਹਾ ਹੈ, ਡਿਜ਼ੀਟਲ ਯੁੱਗ ਵਿੱਚ ਇਹ ਪਾੜਾ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਸੰਬੰਧ ਵਿੱਚ ਬਜਟ ਵਿੱਚ ਗੰਭੀਰਤਾ ਨਾਲ਼ ਕੋਈ ਵੀ ਅਜਿਹੀ ਉਮੀਦ ਨਹੀਂ ਦਿਸਦੀ ਜੋ ਇਹ ਪਾੜਾ ਘਟਾ ਸਕੇ। ਇੱਥੋਂ ਤੱਕ ਕਿ ਸਿਹਤ ਖੇਤਰ ਵਿੱਚ ਵੀ ਪੁੱਟੇ ਗਏ ਬਜਟੀ ਕਦਮ ਨਿੱਜੀ ਖੇਤਰ ਵਿੱਚ ਬਿਮਾਰੀਆਂ ਦੀ ਜਾਂਚ, ਜ਼ਰੂਰੀ ਦੇਖਭਾਲ ਅਤੇ ਇਲਾਜ ਵੱਲ ਮੋੜੇ ਗਏ ਹਨ, ਜੋ ਉੱਚ ਵਰਗ ਅਤੇ ਵੱਡੀ ਆਮਦਨ ਵਾਲੇ ਲੋਕਾਂ ਨੂੰ ਤਾਂ ਫ਼ਾਇਦਾ ਦੇ ਸਕਦੇ ਹਨ, ਪਰ ਆਮ ਲੋਕਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ।

ਕੈਂਸਰ ਦੀਆਂ 17 ਦਵਾਈਆਂ ਦੇ ਭਾਅ ਘੱਟ ਕਰਨ ਦੀ ਗੱਲ ਬਜਟ ਵਿੱਚ ਕੀਤੀ ਗਈ ਹੈ। ਪੰਜ ਖੇਤਰੀ ਮੈਡੀਕਲ ਹੱਬ ਬਣਾਉਣਾ ਵੀ ਇਸ ਵਿੱਚ ਸ਼ਾਮਲ ਹੈ, ਪਰ ਆਮ ਲੋਕਾਂ ਦੀ ਇਹਨਾਂ ਤੱਕ ਪਹੁੰਚ ਇੱਕ ਵੱਡਾ ਸਵਾਲ ਹੈ।

ਬਜਟ ਵਿੱਚ ਸੋਨੇ-ਚਾਂਦੀ ਦੇ ਭਾਅ ਵਧਣ ਬਾਰੇ ਚੁੱਪੀ ਨਿਰਾਸ਼ਾਜਨਕ ਹੈ। ਕਿਹਾ ਜਾ ਰਿਹਾ ਹੈ ਕਿ ਸੋਨੇ ਦੇ ਮੁੱਲ ਲਗਾਤਾਰ ਵੱਧਣ ਦਾ ਕਾਰਨ ਰਿਜ਼ਰਵ ਬੈਂਕ ਵੱਲੋਂ ਕੀਤੀ ਜਾ ਰਹੀ ਖਰੀਦਦਾਰੀ ਹੈ। ਸਰਕਾਰ ਅਨੁਸਾਰ ਇਹ ਖਰੀਦਦਾਰੀ ਇਸ ਲਈ ਜ਼ਰੂਰੀ ਹੈ ਤਾਂ ਜੋ ਭਵਿੱਖ ਵਿੱਚ ਡਾਲਰ ਦੇ ਮੁੱਲ ਵਿੱਚ ਹੋ ਰਹੇ ਵਾਧੇ 'ਤੇ ਕਾਬੂ ਰੱਖਿਆ ਜਾ ਸਕੇ, ਪਰ ਇਹ ਗੱਲ ਆਮ ਜਨਤਾ ਦੀ ਸਮਝ ਤੋਂ ਬਾਹਰ ਹੈ।

ਸਰਕਾਰ ਇਸ ਬਜਟ ਨੂੰ 'ਨਿਰਮਲ ਧਾਰਾ' ਕਹਿੰਦੀ ਹੈ। ਅਸਲ ਵਿੱਚ ਇਹ ਬਜਟ ਅਮਰੀਕੀ ਟੈਕਸ ਦੇ ਤਨਾਅ ਵਿੱਚ ਪੇਸ਼ ਕੀਤਾ ਗਿਆ ਬਜਟ ਹੈ, ਜਿਸ ਵਿੱਚ ਕਲਿਆਣਕਾਰੀ ਅਤੇ ਲੋਕ-ਲੁਭਾਊ ਯੋਜਨਾਵਾਂ ਤੋਂ ਕਿਨਾਰਾ ਕੀਤਾ ਗਿਆ ਹੈ। ਨੌਕਰੀਪੇਸ਼ਾ ਅਤੇ ਮੱਧ ਵਰਗੀ ਲੋਕਾਂ ਲਈ ਇਹ ਨਿਰਾਸ਼ਾ ਭਰਿਆ ਬਜਟ ਹੈ। ਇਸ ਬਜਟ ਵਿੱਚ ਨਾ ਤਾਂ ਟੈਕਸਾਂ ਵਿੱਚ ਕੋਈ ਰਾਹਤ ਮਿਲੀ ਹੈ ਅਤੇ ਨਾ ਹੀ ਮਹਿੰਗਾਈ ਦੇ ਮੋਰਚੇ ਨੂੰ ਕਾਬੂ ਕਰਨ ਦਾ ਕੋਈ ਸੰਕੇਤ।

ਬਜਟ ਨੇ ਦੇਸ਼ ਦੀ ਮੌਜੂਦਾ ਆਰਥਿਕ ਸਥਿਤੀ, ਸਮੱਸਿਆਵਾਂ ਅਤੇ ਸੰਕਟਾਂ ਵੱਲੋਂ ਅੱਖਾਂ ਮੀਟ ਲਈਆਂ ਹਨ ਅਤੇ "ਭਵਿੱਖੀ ਭਾਰਤ" ਦੇ ਨਿਰਮਾਣ ਨੂੰ ਤਰਜੀਹ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਇਸ ਬਜਟ ਨੂੰ "ਅਨੂਠਾ ਬਜਟ" ਮੰਨਦੇ ਹਨ। ਉਹਨਾਂ ਅਨੁਸਾਰ ਇਸ ਸਾਲ ਭਾਰਤ ਦੀ ਵਿਸ਼ਵ ਵਿਆਪੀ ਭੂਮਿਕਾ ਹੋਰ ਮਜ਼ਬੂਤ ਹੋਏਗੀ। ਪਰ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇਸ ਬਜਟ ਨੂੰ "ਥੱਕੀ ਹੋਈ ਸਰਕਾਰ ਦਾ ਬਜਟ" ਕਿਹਾ ਹੈ।

ਅਸਲ ਵਿੱਚ ਆਮ ਜਨਤਾ ਲਈ ਇਹ ਸੁਸਤ ਬਜਟ ਬੇਉਮੀਦਾ ਸਾਬਤ ਹੋਇਆ ਹੈ, ਜੋ ਭਾਰਤੀ ਪੇਂਡੂ ਆਰਥਿਕਤਾ ਨੂੰ ਖੋਰਾ ਲਗਾਉਣ ਵਾਲਾ ਬਜਟ ਹੈ ਅਤੇ ਜੋ ਅਮਰੀਕੀ ਟੈਰਿਫ਼ ਪ੍ਰਭਾਵ ਹੇਠ ਬਣਾਇਆ ਗਿਆ ਹੈ। ਬਜਟ ਪੇਸ਼ ਕਰਨ ਵੇਲੇ ਅਮਰੀਕੀ ਟੈਰਿਫ਼ ਦਾ ਇੰਨਾ ਪ੍ਰਭਾਵ ਸੀ ਕਿ ਖੇਤੀ, ਇੰਡਸਟਰੀ, ਵਪਾਰ ਦੇ ਖੇਤਰ ਨੂੰ ਬਿਲਕੁਲ ਹੀ ਅਣਗੌਲਿਆਂ ਕਰ ਦਿੱਤਾ ਗਿਆ ਅਤੇ ਆਮ ਆਦਮੀ ਦੇ ਸਰੋਕਾਰਾਂ ਪ੍ਰਤੀ ਵੀ ਲਗਭਗ ਚੁੱਪੀ ਵੱਟ ਲਈ ਗਈ। ਬਜਟ ਵਿੱਚ ਭਾਰਤੀ ਕਿਸਾਨਾਂ ਦੇ ਹਿੱਤ ਖਾਮੋਸ਼ ਹਨ। ਭਾਰਤ ਦੀ ਕਿਸਾਨੀ, ਜੋ ਪਹਿਲਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੈ, ਉਸ ਦੇ ਮੁਕਾਬਲੇ ਅਮਰੀਕੀ ਖੇਤੀ ਪੈਦਾਵਾਰ ਲਈ ਵੱਡੀਆਂ, ਸਸਤੀਆਂ ਸਬਸਿਡੀਆਂ ਵਾਲੀ ਖੇਤੀ ਲਈ ਰਾਹ ਖੋਲ੍ਹਣਾ ਅਤੇ ਜ਼ੀਰੋ ਟੈਕਸ ਤੇ ਖੇਤੀ ਉਤਪਾਦ ਭਾਰਤ ਵਿੱਚ ਲਿਆਉਣਾ ਮੰਦਭਾਗੀ ਗੱਲ ਹੈ। ਇਸ ਨਾਲ਼ ਸਿਰ.ਫ ਕਿਸਾਨ ਹੀ ਨਹੀਂ, ਸਗੋਂ ਆਮ ਵਿਅਕਤੀ ਦਾ ਰੁਜ਼ਗਾਰ ਅਤੇ ਜੀਵਨ-ਨਿਰਬਾਹ ਵੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋਵੇਗਾ।



ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ

ਮੁੱਖ ਸੰਪਾਦਕ ਹਰਬੰਸ ਸਿੰਘ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਗੁਰਦੇਵ ਚੌਹਾਨ ਦੀ ਕਿਤਾਬ 'ਕਲਮੀ ਗੁਲਾਬ' ਨੂੰ ਚਿੱਥ ਕੇ ਪੜ੍ਹਦਿਆਂ...



**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647 567-9128

ਕਿਤਾਬਾਂ ਦੇ ਪੜ੍ਹੇ ਜਾਣ ਬਾਰੇ ਅੰਗਰੇਜ਼ੀ ਦੇ ਉੱਘੇ-ਲੇਖਕ ਫ਼ਰਾਂਸਿਸ ਬੇਕਨ ਦਾ ਮਸ਼ਹੂਰ ਭਾਵਨਾਤਮਿਕ 'ਕਥਨ' (ਕੋਟੇਸ਼ਨ) ਹੈ, Some books are to be tasted, others to be swallowed, and some few to be chewed and digested.


ਪੰਜਾਬੀ ਵਿੱਚ ਇਸ ਨੂੰ ਇੰਜ ਕਿਹਾ ਜਾ ਸਕਦਾ ਹੈ ਕਿ ਕਈ ਕਿਤਾਬਾਂ ਕੇਵਲ ਸੁਆਦ ਚੱਖਣ ਵਾਂਗ ਹੁੰਦੀਆਂ ਹਨ, ਕਈ ਗਲ਼ੇ ਦੇ ਅੰਦਰ ਸੁੱਟਣ ਵਾਲੀਆਂ ਅਤੇ ਕੁਝ ਕੁ ਚਬਾਉਣ ਤੇ ਪਚਾਉਣ ਵਾਲੀਆਂ ਹੁੰਦੀਆਂ ਹਨ। ਇਸ ਦਾ ਭਾਵ ਹੈ ਕਿ ਕਈ ਕਿਤਾਬਾਂ ਕੇਵਲ ਓਪਰੀ ਨਜ਼ਰੇ 'ਵੇਖਣ-ਚਾਖਣ' ਵਾਲੀਆਂ ਹੁੰਦੀਆਂ ਹਨ, ਕਈ ਪੜ੍ਹਨ ਵਾਲੀਆਂ ਹੁੰਦੀਆਂ ਹਨ ਪਰ ਓਨੀ ਦਿਲਚਸਪੀ ਨਾਲ਼ ਨਹੀਂ, ਅਤੇ ਕਈ ਕਿਤਾਬਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਅੱਖਰ-ਅੱਖਰ ਬੜੇ ਧਿਆਨ ਨਾਲ ਪੜ੍ਹਿਆ ਜਾਂਦਾ ਹੈ, ਜਿਸ ਨੂੰ ਅੰਗਰੇਜ਼ੀ ਵਾਲੇ 'ਬੀਟਵੀਨ ਦ ਲਾਈਨਜ਼' (Between the lines) ਕਹਿੰਦੇ ਹਨ।

ਗੁਰਦੇਵ ਚੌਹਾਨ ਦੀ ਇਹ ਵਾਰਤਕ ਪੁਸਤਕਾਂ ਦੀ ਅਖ਼ੀਰਲੀ ਕਿਸਮ ਦੀ ਸ਼੍ਰੇਣੀ 'ਚ ਆਉਂਦੀ ਹੈ ਜਿਸ ਦੀ ਇੱਕ-ਇੱਕ ਸਤਰ ਧਿਆਨ ਨਾਲ ਪੜ੍ਹਨ ਵਾਲੀ ਹੈ। ਗੁਰਦੇਵ ਚੌਹਾਨ ਵੱਲੋਂ ਇਹ ਪੁਸਤਕ ਮੈਨੂੰ 7-8 ਮਹੀਨੇ ਪਹਿਲਾਂ ਪ੍ਰਾਪਤ ਹੋਈ ਪਰ ਉਦੋਂ ਕੁਝ ਨਿੱਜੀ ਰੁਝੇਵਿਆਂ ਕਾਰਨ ਮੈਂ ਇਸ ਨੂੰ ਕੇਵਲ ਸਰਸਰੀ ਨਜ਼ਰ ਨਾਲ ਹੀ ਵੇਖ ਸਕਿਆ ਸੀ। ਮੈਨੂੰ ਇਹ ਲੱਗਿਆ ਸੀ ਕਿ ਇਹ ਪੁਸਤਕ ਆਮ ਪੁਸਤਕਾਂ ਵਰਗੀ ਨਹੀਂ ਹੈ ਅਤੇ ਇਸ ਨੂੰ ਨਿੱਠ ਕੇ ਪੜ੍ਹਨ ਦੀ ਜ਼ਰੂਰਤ ਹੈ ਤੇ ਇਸ ਦੇ ਬਾਰੇ ਕੁਝ ਲਿਖਣ ਲਈ ਇਹ ਵਧੇਰੇ ਧਿਆਨ ਮੰਗਦੀ ਹੈ। ਇਸ ਦੌਰਾਨ ਚਾਰ-ਪੰਜ ਹੋਰ ਲੇਖਕਾਂ ਦੀਆਂ ਕਿਤਾਬਾਂ ਆ ਗਈਆਂ ਅਤੇ ਮੇਰੇ ਵੱਲੋਂ ਪੜ੍ਹਨ ਲਈ ਪਹਿਲ ਉਨ੍ਹਾਂ ਨੂੰ ਦੇ ਦਿੱਤੀ ਗਈ, ਕਿਉਂਕਿ ਉਹ ਪੜ੍ਹਨੀਆਂ ਮੁਕਾਬਲਤਨ ਆਸਾਨ ਸਨ। ਵਾਰੀ-ਵਾਰੀ ਉਹ ਪੜ੍ਹੀਆਂ ਤੇ ਉਨ੍ਹਾਂ ਬਾਰੇ ਆਪਣੇ ਵਿਚਾਰ 'ਪੁਸਤਕ-ਰੀਵਿਊ' ਦੇ ਰੂਪ 'ਚ ਵੱਖ-ਵੱਖ ਅਖ਼ਬਾਰਾਂ 'ਚ ਛਪਣ ਲਈ ਭੇਜੇ ਜੋ ਪਾਠਕਾਂ ਦੀ ਨਜ਼ਰੀਂ ਪਏ ਅਤੇ ਸਲਾਹੇ ਵੀ ਗਏ।


ਪੰਜਾਬੀ ਪੁਸਤਕਾਂ ਬਾਰੇ ਮੇਰਾ ਵਿਚਾਰ ਤੇ ਹੁਣ ਤੱਕ ਦਾ ਨਿੱਜੀ ਤਜਰਬਾ ਹੈ ਕਿ ਕਹਾਣੀ, ਨਾਵਲ, ਸਵੈਜੀਵਨੀ ਜਾਂ ਕਿਸੇ ਸਫ਼ਰਨਾਮੇ ਦੇ 60-70 ਪੰਨੇ ਇੱਕ ਦਿਨ 'ਚ ਬੜੇ ਆਰਾਮ ਨਾਲ ਪੜ੍ਹੇ ਜਾ ਸਕਦੇ ਹਨ। ਕਵਿਤਾਵਾਂ ਦੀ 100 ਕੁ ਪੰਨਿਆਂ ਦੀ ਕਿਤਾਬ ਤਾਂ ਇੱਕ ਬੈਠਕ ਵਿੱਚ ਵੀ ਪੜ੍ਹੀ ਜਾ ਸਕਦੀ ਹੈ, ਪਰ ਵਾਰਤਕ ਨੂੰ ਸਮਝ ਕੇ ਪੜ੍ਹਨ ਲਈ ਵਧੇਰੇ ਸਮਾਂ ਚਾਹੀਦਾ ਹੈ। ਗੁਰਦੇਵ ਚੌਹਾਨ ਦੀ ਇਸ ਵਾਰਤਕ ਪੁਸਤਕ ਦੇ 8-10 ਪੰਨਿਆਂ ਦਾ ਆਰਟੀਕਲ ਮੈਂ ਇੱਕ ਦਿਨ 'ਚ ਮਸਾਂ ਇੱਕ ਹੀ ਪੜ੍ਹ ਸਕਿਆਂ ਹਾਂ। ਇਸ ਤਰ੍ਹਾਂ 319 ਪੰਨਿਆਂ ਦੀ ਇਹ ਕਿਤਾਬ ਪੜ੍ਹਨ ਵਿੱਚ ਮੈਨੂੰ ਡੇਢ ਮਹੀਨੇ ਤੋਂ ਵੀ ਵਧੇਰੇ ਸਮਾਂ ਲੱਗ ਗਿਆ, ਕਿਉਂਕਿ ਇਸ ਕਿਤਾਬ ਦੀਆਂ ਕਈ ਸਤਰਾਂ ਵਾਰ-ਵਾਰ ਪੜ੍ਹਨ ਵਾਲੀਆਂ ਸਨ। ਇੱਥੋਂ ਇਸ ਪੁਸਤਕ ਅਤੇ ਇਸਦੇ ਲੇਖਕ ਦੀ ਗੰਭੀਰਤਾ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸ ਕਿਤਾਬ ਦੀ ਸਮੱਗਰੀ 'ਚ ਵਿਭਿੰਨਤਾ ਤੇ ਵੰਨ-ਸਵੰਨਤਾ ਹੈ ਅਤੇ ਇਸ ਨੂੰ ਪਾਠਕਾਂ ਅੱਗੇ ਪ੍ਰੋਸਣ ਦਾ ਗੁਰਦੇਵ ਚੌਹਾਨ ਹੁਰਾਂ ਦਾ ਆਪਣਾ ਹੀ ਵਿਲੱਖਣ ਤਰੀਕਾ ਤੇ ਸਲੀਕਾ ਹੈ।

ਪੰਜਾਬੀ ਲੇਖਕਾਂ ਦੀ ਸੂਚੀ ਵਿੱਚ ਗੁਰਦੇਵ ਚੌਹਾਨ ਅਹਿਮ ਹਸਤਾਖ਼ਰ ਹੈ। ਇਸ ਤੋਂ ਪਹਿਲਾਂ ਉਸ ਦੀਆਂ ਕਵਿਤਾਵਾਂ ਦੀਆਂ ਕਵਿਤਾਵਾਂ ਦੀਆਂ ਪੰਜ ਪੁਸਤਕਾਂ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ', 'ਮੱਕੀ ਦਾ ਗੀਤ', 'ਦਿੱਭ ਦੇ ਸਿੱਟੇ', 'ਸਪਤਕ', ਅਕਸਮਾਤ', ਵਾਰਤਕ ਦੀਆਂ ਦੋ 'ਆਸ ਪਾਸ' ਤੇ 'ਚਸ਼ਮਦੀਦ' ਅਤੇ ਹਾਸ-ਵਿਅੰਗ ਦੀਆਂ ਦੋ ਪੁਸਤਕਾਂ 'ਕੁੱਤਾ, ਕਿਤਾਬ ਤੇ ਗੁਲਾਬ' ਤੇ 'ਦੇਸੀ ਮੁਰਗ਼ ਵਲਾਇਤੀ ਬਾਂਗ' ਪੰਜਾਬੀ ਪਾਠਕਾਂ ਦੀ ਨਜ਼ਰੀਂ ਚੜ੍ਹ ਚੁੱਕੀਆਂ ਹਨ। ਇਨ੍ਹਾਂ ਮੌਲਿਕ ਸਾਹਿਤਕ ਪੁਸਤਕਾਂ ਤੋਂ ਇਲਾਵਾ ਲੇਖਕ ਨੇ ਬੁੱਧ ਧਰਮ ਬਾਰੇ ਗੰਭੀਰ ਅਧਿਐਨ ਕਰਨ ਤੋਂ ਬਾਅਦ ਪੁਸਤਕ 'ਬੁੱਧ ਦ੍ਰਿਸ਼ਟੀ' ਵੀ ਛਪਵਾਈ ਹੈ ਅਤੇ ਕਈ ਅੰਗਰੇਜ਼ੀ ਤੇ ਹਿੰਦੀ ਪੁਸਤਕਾਂ ਦਾ ਅਨੁਵਾਦ ਪੰਜਾਬੀ ਵਿੱਚ ਕੀਤਾ ਹੈ, ਜਿਸ ਦੇ ਵਿਸਥਾਰ 'ਚ ਜਾਣ ਦੀ ਇੱਥੇ ਲੋੜ ਨਹੀਂ ਹੈ। ਇਸ ਦੇ ਨਾਲ ਹੀ ਇਹ ਬਹੁ-ਪੱਖੀ ਤੇ ਬਹੁ-ਭਾਸ਼ਾਈ ਲੇਖਕ ਅੰਗਰੇਜ਼ੀ ਦਾ ਮਿਆਰੀ ਤਿਮਾਹੀ ਮੈਗ਼ਜ਼ੀਨ 'ਸਾਊਥ ਏਸ਼ੀਅਨ ਅਨਸਾਂਬਲ' ਵੀ ਕਈ ਸਾਲ ਸੰਪਾਦਿਤ ਕਰਦਾ ਰਿਹਾ ਹੈ।

ਹੱਥਲੀ ਪੁਸਤਕ 'ਕਲਮੀ ਗੁਲਾਬ' ਵਿੱਚ ਜਿੱਥੇ ਪੰਜਾਬੀ ਦੇ ਪ੍ਰਮੁੱਖ ਲੇਖਕਾਂ ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਭੂਸ਼ਨ ਧਿਆਨਪੁਰੀ, ਨਵਤੇਜ ਭਾਰਤੀ, ਅਜਮੇਰ ਰੋਡੇ, ਅਮਰਜੀਤ ਚੰਦਨ, ਪਟਿਆਲੇ ਵਾਲੇ 'ਲਾਲੀ ਬਾਬਾ', ਸੁਰਜਨ ਜ਼ੀਰਵੀ, ਹਰਭਜਨ ਹਲਵਾਰਵੀ, ਗੁਰਬਚਨ, ਡਾ. ਸੁਖਪਾਲ, ਗੁਰਬਚਨ, ਜਸਪਾਲ ਸਿੰਘ,



ਗੁਰਦੇਵ ਚੌਹਾਨ




ਆਦਿ ਨਾਲ ਬਿਤਾਏ ਹੋਏ ਖ਼ੂਬਸੂਰਤ ਪਲਾਂ ਤੇ ਦਿਨਾਂ ਦੀਆਂ ਯਾਦਾਂ ਨੂੰ ਗੁਰਦੇਵ ਚੌਹਾਨ ਵੱਲੋਂ ਦਿਲਚਸਪ ਸ਼ਬਦ-ਚਿੱਤਰਾਂ ਦੇ ਰੂਪ ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ, ਉੱਥੇ ਬਰੈਂਪਟਨ ਵਿੱਚ ਰਹਿੰਦੇ ਬਲਰਾਜ ਚੀਮਾ ਦੀ ਸ਼ਖ਼ਸੀਅਤ ਨੂੰ 'ਚਾਚੇ ਚੀਮੇ ਦਾ ਚੁਬਾਰਾ' ਅਤੇ ਰਾਮ ਸਰੂਪ ਅਣਖੀ ਨੂੰ ਉਸ ਦੇ ਨਾਵਲ 'ਚ ਵਸਾਏ ਗਏ ਪਿੰਡ 'ਕੋਠੇ ਖੜਕ ਸਿੰਘ' ਨਾਂ ਦੇ ਲੇਖਾਂ ਦੇ ਰੂਪ ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਏਸੇ ਤਰ੍ਹਾਂ ਲੇਖਕ ਵੱਲੋਂ ਆਪਣੇ ਬਾਪ, ਜਿਸ ਨੂੰ ਉਹ 'ਚਾਚਾ' ਕਹਿ ਕੇ ਸੰਬੋਧਨ ਕਰਦਾ ਹੈ ਅਤੇ ਆਪਣੀ ਮਾਂ (ਚਾਚੀ) ਬਾਰੇ ਬਹੁਤ ਵਧੀਆ ਤਰੀਕੇ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਹੈ।

ਅੰਗਰੇਜ਼ੀ ਦੀ ਮਸ਼ਹੂਰ ਪੱਤਰਕਾਰ ਤੇ ਲੇਖਿਕਾ ਅਰੁਨਧੁਤੀ ਰੌਏ ਨੂੰ ਉਹ ਉਸ ਦੀਆਂ ਗਰਮ ਸਮਾਜਿਕ ਤੇ ਰਾਜਨੀਤਕ ਲਿਖ਼ਤਾਂ ਕਰਕੇ 'ਅੱਗ ਦੀ ਪੁਤਲੀ' ਕਹਿੰਦਾ ਹੈ। ਜਾਪਾਨ ਤੋਂ ਸ਼ੁਰੂ ਹੋਈ ਕਵਿਤਾ ਦੀ ਵੰਨਗੀ 'ਹਾਈਕੂ' ਬਾਰੇ ਗੱਲ ਕਰਦਿਆਂ ਆਪਣੀ ਹਾਈਕੂ-ਪੁਸਤਕ 'ਨਿੱਕੀਆਂ ਬੇੜੀਆਂ ਨਿੱਕੇ ਚੱਪੂ' ਬਾਰੇ ਉਹ ਦੱਸਦਾ ਹੈ ਕਿ ਹਾਈਕੂ ਦੇ ਨਿੱਕੇ ਆਕਾਰ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਹਾਈਕੂ ਲਿਖਣੇ ਸ਼ੁਰੂ ਕੀਤੇ, ਉੱਥੇ ਉਸ ਨੇ ਇਨ੍ਹਾਂ ਦੇ ਰਚਣਹਾਰਿਆਂ 'ਬਾਸ਼ੋ', 'ਸ਼ੀਕੀ', 'ਬੂਸਨ', 'ਈਸ਼ਾ', 'ਸ਼ੋਹਾ', 'ਕਿਓਰੀ', 'ਸੈਬੀ' ਅਤੇ ਔਟਵਾ ਰਹਿੰਦੇ 'ਪੰਜਾਬੀ ਹਾਈਕੂ ਸਪੈਸ਼ਲਿਸਟ' ਅਮਰਜੀਤ ਸਾਥੀ, ਬਾਰੇ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਵੱਲੋਂ ਲਿਖੇ ਗਏ 'ਹਾਈਕੂਆਂ' ਦੀਆਂ ਕੁਝ ਮਿਸਾਲਾਂ ਵੀ ਇਸ ਪੁਸਤਕ ਵਿੱਚ ਦਿੱਤੀਆਂ ਗਈਆਂ ਹਨ। ਗੁਰਦੇਵ ਚੌਹਾਨ ਦੀ ਕਵਿਤਾ ਬਾਰੇ ਉਸ ਦੇ ਨਾਲ ਪੰਜਾਬੀ ਕਵੀਆਂ/ਕਵਿੱਤਰੀਆਂ ਗੁਰਪ੍ਰੀਤ, ਸ਼ਾਇਰ ਮਲਵਿੰਦਰ ਅਤੇ ਸੁਰਜੀਤ ਕੌਰ ਟੋਰਾਂਟੋ ਵੱਲੋਂ ਕੀਤੀਆਂ ਗਈਆਂ ਲੰਮੀਆਂ-ਚੌੜੀਆਂ ਗੱਲਾਂ-ਬਾਤਾਂ ਇੰਟਰਵਿਊਆਂ ਦੇ ਰੂਪ ਵਿੱਚ ਪੁਸਤਕ 'ਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਪੁਸਤਕ ਵਿੱਚ ਹਾਸ-ਵਿਅੰਗ ਨਾਲ ਭਰਪੂਰ ਦੋ ਆਰਟੀਕਲ 'ਚੋਣਾਂ: ਦੇਸੀ ਅਤੇ ਕੈਨੇਡੀਅਨ' ਤੇ 'ਚੋਣ-ਸਮੱਗਰੀ ਦੀ ਹੱਟੀ' ਵੀ ਦਰਜ ਕੀਤੇ ਗਏ ਹਨ।

ਖ਼ੈਰ, ਇਹ ਤਾਂ ਹੋਈ ਪੁਸਤਕ ਦੀ ਵਿਭਿੰਨਤਾ ਤੇ ਵੰਨ-ਸਵੰਨਤਾ ਦੀ ਗੱਲ। ਹੁਣ ਜ਼ਰਾ ਇਸਦੀ ਵੰਨ-ਸਵੰਨੀ ਸਮੱਗਰੀ ਵੱਲ ਵੀ ਥੋੜ੍ਹਾ ਜਿਹਾ ਧਿਆਨ ਮਾਰ ਲਈਏ, ਜਿਸ ਦੇ ਲਈ ਪੁਸਤਕ ਵਿਚਲੇ ਹਵਾਲਿਆਂ ਦਾ ਕੁਝ ਜ਼ਿਕਰ ਜ਼ਰੂਰੀ ਹੈ। ਪੁਸਤਕ ਦਾ ਪਹਿਲਾ ਆਰਟੀਕਲ ਅੰਮ੍ਰਿਤਾ ਪ੍ਰੀਤਮ ਬਾਰੇ ਹੈ ਜਿਸ ਨੂੰ ਉਸ ਦੇ ਘਰ ਮਿਲਣ ਦੀ ਤੀਬਰ ਇੱਛਾ ਉਦੋਂ ਹਰੇਕ ਪੰਜਾਬੀ ਲੇਖਕ ਦੀ ਹੁੰਦੀ ਸੀ। ਲੇਖਕ ਉਸ ਦੇ ਨਾਲ ਆਪਣੀਆਂ ਦਿਲਚਸਪ ਮੁਲਾਕਾਤਾਂ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ, ਉਸ ਨੂੰ ਮਿਲਣ ਲਈ ਕਦੇ ਮੈਂ ਇਕੱਲਾ ਚਲੇ ਜਾਂਦਾ, ਕਦੇ ਕੋਈ ਲੇਖਕ ਦੋਸਤ ਨਾਲ ਹੁੰਦਾ ਤੇ ਕਦੇ ਕਦੇ ਤਾਂ ਲੇਖਕਾਂ ਦਾ ਪੂਰਾ ਲਾਣਾ ਹੀ ਕਿਸੇ ਸਾਹਿਤਕ ਫੰਕਸ਼ਨ ਤੋਂ ਬਾਅਦ ਉੱਥੇ ਚਲਾ ਜਾਂਦਾ। ਬਹੁਤੀ ਵੇਰ ਲੇਖਕ ਆਪਣੀਆਂ ਪ੍ਰੇਮਕਾਵਾਂ ਨੂੰ ਵੀ ਅੰਮ੍ਰਿਤਾ ਨਾਲ ਆਪਣੀ ਨੇੜਤਾ ਦਾ ਰੋਅਬ ਪਾਉਣ ਲਈ ਲੈ ਜਾਂਦੇ। (ਪੰਨਾ-14)

ਗੁਰਦੇਵ ਚੌਹਾਨ ਕਈ ਵਾਰ 'ਨਾਗਮਣੀ' ਵਿਚ ਛਪਣ ਵਾਲੇ ਮੈਟਰ ਲਈ 'ਸਹਿਯੋਗ' ਦੇਣ ਲਈ ਜਾਂਦਾ ਸੀ ਅਤੇ ਉਸਨੇ ਇਸ ਦੇ ਕਈ ਸਪੈਸ਼ਲ ਅੰਕਾਂ 'ਕਾਲੇ ਤਿਲੀਅਰ', 'ਦੇਖ ਕਬੀਰਾ' ਆਦਿ ਵਿੱਚ ਆਪਣਾ ਯੋਗਦਾਨ ਪਾਇਆ, ਜਿਸ ਵਿੱਚ ਭੂਸ਼ਨ ਧਿਆਨਪੁਰੀ, ਰਾਮ ਸਰੂਪ ਅਣਖੀ, ਕਿਰਪਾਲ ਕਜ਼ਾਕ ਤੇ ਕਈ ਹੋਰ ਲੇਖਕਾਂ ਦੀਆਂ ਪਤਨੀਆਂ ਬਾਰੇ ਲਿਖੇ ਹੋਏ ਦਿਲਚਸਪ ਸ਼ਬਦ-ਚਿੱਤਰ ਸ਼ਾਮਲ ਸਨ। ਭੂਸ਼ਨ ਦੇ ਨਾਲ ਅੰਮ੍ਰਿਤਾ ਦੇ ਘਰ ਉਹ ਪਹਿਲੀ ਵਾਰ ਅਜੀਤ ਕੌਰ, ਦਲੀਪ ਕੌਰ ਟਿਵਾਣਾ ਅਤੇ ਕਈ ਹੋਰ ਲੇਖਕਾਂ ਨੂੰ ਮਿਲਿਆ। ਜੋਗਾ ਸਿੰਘ ਤੇ ਹਰਭਜਨ ਹਲਵਾਰਵੀ ਦੇ ਨਾਲ ਅੰਮ੍ਰਿਤਾ ਨੂੰ ਮਿਲਣ ਜਾਣ ਦੀ ਦਿਲਚਸਪ ਗਾਥਾ ਬਿਆਨ ਕਰਦਿਆਂ ਉਹ ਦੱਸਦਾ ਹੈ ਕਿ 1993 ਦੇ ਅੱਤਵਾਦ ਦੇ ਦਿਨਾਂ ਦੇ ਇੱਕ ਮਹੀਨੇ ਉਹ ਤਿੰਨੇ ਭਾਰਤੀ ਸਾਹਿਤ ਅਕਾਦਮੀ ਦੇ ਇੱਕ ਸੈਮੀਨਾਰ ਵਿੱਚ ਭਾਗ ਲੈਣ ਗਏ। ਉੱਥੇ ਉਸਨੇ ਤੇ ਜੋਗਾ ਸਿੰਘ ਨੇ ਆਪਣੇ ਪਰਚੇ ਪੜ੍ਹਨੇ ਸਨ ਤੇ ਹਰਭਜਨ ਹਲਵਾਰਵੀ ਉੱਪਰ ਕਿਸੇ ਹੋਰ ਨੇ ਪਰਚਾ ਪੜ੍ਹਨਾ ਸੀ। ਰਾਤ ਉਨ੍ਹਾਂ ਦਾ ਜੋਗਾ ਸਿੰਘ ਦੇ ਮਾਮੇ ਦੇ ਘਰ ਠਹਿਰਨ ਦਾ ਪ੍ਰੋਗਰਾਮ ਸੀ ਜਿਸ ਨੂੰ ਲੱਭਦਿਆਂ ਬੱਸੋਂ ਉੱਤਰ ਕੇ ਉਹ 10 ਕਿਲੋਮੀਟਰ ਤੋਂ ਵੀ ਵਧੇਰੇ ਪੈਂਡਾ ਪੈਦਲ ਤੁਰੇ। ਜੋਗਾ ਸਿੰਘ ਸੈਮੀਨਾਰ ਲਈ ਆਪਣਾ ਪੇਪਰ ਤਿਆਰ ਨਹੀਂ ਸੀ ਕਰ ਸਕਿਆ ਅਤੇ ਉਸ ਨੇ ਅਗਲੇ ਦਿਨ ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਬੁਲਾਰਿਆਂ ਕੋਲੋਂ ਉਨ੍ਹਾਂ ਦੇ ਲਿਖਤੀ ਪੇਪਰ ਲੈਣ ਆਈ ਲੜਕੀ ਨੂੰ ਬੜੀ ਖ਼ੂਬਸੂਰਤੀ ਨਾਲ ਟਾਲ਼ਿਆ ਤੇ ਲਿਖਤੀ ਪੇਪਰ ਦੀ ਬਜਾਏ ਜ਼ਬਾਨੀ ਬੋਲ ਕੇ ਡੰਗ ਟਪਾਇਆ। ਸੈਮੀਨਾਰ ਤੋਂ ਬਾਅਦ ਅੰਮ੍ਰਿਤਾ ਦੇ ਘਰ ਜਾਣ ਤੋਂ ਜੋਗਾ ਸਿੰਘ ਡਰ ਰਿਹਾ ਸੀ, ਕਿਉਂਕਿ ਅੰਮ੍ਰਿਤਾ ਨੇ ਉਸਦੀ ਜ਼ਾਮਨੀ 'ਤੇ ਪ੍ਰਤਾਪ ਮਹਿਤਾ ਦੀ ਦੁਕਾਨ 'ਤੇ ਆਪਣੀਆਂ ਕਾਫ਼ੀ ਕਿਤਾਬਾਂ ਭੇਜੀਆਂ ਸਨ ਜੋ ਵਿਕ ਚੁੱਕੀਆਂ ਸਨ ਪਰ ਉਨ੍ਹਾਂ ਦੇ ਪੈਸੇ ਅੰਮ੍ਰਿਤਾ ਨੂੰ ਨਹੀਂ ਮਿਲੇ ਸਨ। ਦਰਅਸਲ, ਪ੍ਰਤਾਪ ਮਹਿਤਾ ਉਹ ਪੈਸੇ ਕਿਧਰੇ ਹੋਰ ਵਰਤ ਚੁੱਕਾ ਸੀ ਅਤੇ ਉਹ ਹੋਰ ਦੇਣ ਤੋਂ ਉਸ ਸਮੇਂ ਅਸਮਰੱਥ ਸੀ। ਖ਼ੈਰ, ਜੋਗਾ ਸਿੰਘ ਵੱਲੋਂ ਬਾਰ-ਬਾਰ ਮੁਆਫ਼ੀ ਮੰਗਣ 'ਤੇ ਅਖ਼ੀਰ ਉਹ ਮਸਾਂ ਹੀ ਇਹ ਪੈਸੇ ਉਸਦੇ ਕੋਲੋਂ ਕਿਸ਼ਤਾਂ 'ਚ ਹਰ ਮਹੀਨੇ ਵਾਪਸ ਕਰਨ 'ਤੇ ਸਹਿਮਤ ਹੋਈ ਅਤੇ ਤਾਂ ਜਾ ਕੇ ਹਾਲਾਤ ਸਾਂਵੇਂ-ਪੱਧਰੇ ਹੋ ਸਕੇ। (ਪੰਨਾ-20)

ਡਾ. ਹਰਿਭਜਨ ਸਿੰਘ ਨਾਲ ਗੁਰਦੇਵ ਚੌਹਾਨ ਦੀ ਸਾਂਝ ਅਤੇ ਵਾਕਫ਼ੀਅਤ ਬਾਹਰੀ ਨਾਲੋਂ ਅੰਦਰੂਨੀ ਲਹਿਜਾ ਵੱਧ ਰੱਖਦੀ ਹੈ। ਉਹ ਉਸ ਦੀਆਂ ਕਵਿਤਾਵਾਂ ਤੋਂ ਬੜਾ ਪ੍ਰਭਾਵਿਤ ਹੋਇਆ ਸੀ ਅਤੇ ਉਸ ਦਾ ਬਹੁਤ ਸਤਿਕਾਰ ਕਰਦਾ ਸੀ। ਉਸ ਦੇ ਕਹਿਣ ਅਨੁਸਾਰ, ਹਰਿਭਜਨ ਸਿੰਘ ਸਪਾਟ ਦਾ ਕਵੀ ਨਹੀਂ; ਉਹ ਵਿਸਤਾਰ ਦਾ ਕਵੀ ਹੈ, ਡੂੰਘ ਦਾ ਕਵੀ ਹੈ, ਪਸਰੀ ਹੋਈ ਜਟਿਲਤਾ ਦਾ ਕਵੀ ਹੈ। ਆਪਣੀਆਂ ਬਹੁਤੀਆਂ ਕਵਿਤਾਵਾਂ ਵਿੱਚ ਉਹ ਰਹੱਸਵਾਦੀ ਲਹਿਜੇ ਵਿੱਚ ਤੁਰਦਾ ਹੈ। (ਪੰਨਾ-29)

ਸ਼ਿਵ ਕੁਮਾਰ ਬਟਾਲਵੀ ਨਾਲ ਲੇਖਕ ਦੀ ਪਹਿਲੀ ਮੁਲਾਕਾਤ ਚੰਡੀਗੜ੍ਹ 'ਚ ਹੋਈ ਜਦੋਂ ਉਹ ਉੱਥੇ ਬੈਂਕ ਵਿੱਚ ਨੌਕਰੀ ਕਰਦਾ ਸੀ। ਉਹ ਤੇ ਭੂਸ਼ਨ ਸ਼ਿਵ ਦੇ 21 ਸੈਕਟਰ ਵਾਲੇ ਘਰ ਉਸਦੀ ਨਵੀਂ ਛਪੀ ਕਿਤਾਬ 'ਮੈਂ ਤੇ ਮੈਂ' ਦੇਣ ਗਏ ਸਨ ਤੇ ਫਿਰ ਉਨ੍ਹਾਂ ਦੀ ਬਾਅਦ 'ਚ 'ਪਿਆਲੇ ਦੀ ਸਾਂਝ' ਕਰਕੇ ਕਾਫ਼ੀ ਨੇੜਤਾ ਹੋ ਗਈ। ਉਹ ਸ਼ਿਵ ਦੇ ਅਖ਼ੀਰਲੇ ਦਿਨਾਂ ਦਾ ਜ਼ਿਕਰ ਬੜੇ ਭਾਵਨਾਤਮਿਕ ਸ਼ਬਦਾਂ ਵਿੱਚ ਕਰਦਾ ਹੈ, ਉਸਨੂੰ ਜਿੰਨਾ ਕੁਝ ਤੇਜ਼ੀ ਨਾਲ ਯਾਦ ਆ ਰਿਹਾ ਸੀ, ਉਤਨੀ ਤੇਜ਼ੀ ਨਾਲ ਇਹ ਭੁੱਲ ਵੀ ਰਿਹਾ ਸੀ। ਹੁਣ ਕੋਈ ਉਸ ਨੂੰ ਇੰਗਲੈਂਡ ਬਾਰੇ ਕੁਝ ਦੱਸਣ ਲਈ ਕਹਿ ਰਿਹਾ ਸੀ ਤਾਂ ਕੋਈ ਉਸ ਨੂੰ ਤਾਜ਼ਾ ਨਜ਼ਮ ਸੁਣਾਉਣ ਲਈ ਆਖ ਰਿਹਾ ਸੀ ਪਰ ਲਸਿਵ ਕੁਝ ਵੀ ਜਵਾਬ ਨਹੀਂ ਦੇ ਰਿਹਾ ਸੀ। ਉਹ ਬਸ ਬਿੱਟ-ਬਿੱਟ ਵੇਖ ਹੀ ਰਿਹਾ ਸੀ, ਕਦੇ ਸਾਡੇ ਵੱਲ ਅਤੇ ਕਦੇ ਕਿਸੇ ਦੇ ਵੱਲ ਵੀ ਨਹੀਂ। ਫਿਰ ਅਚਾਨਕ ਇੱਕ ਮੋਟਾ ਹੰਝੂ ਨਿਕਲ ਕੇ ਉਸ ਦੀ ਗੱਲ੍ਹ ਦੀ ਇੱਕ ਤ੍ਰੇੜ ਵਿੱਚ ਅਟਕ ਗਿਆ। (ਪੰਨਾ- 38)

ਭੂਸ਼ਨ ਧਿਆਨਪੁਰੀ (ਅਸਲ ਨਾਂ ਬੇਨਤੀ ਸਰੂਪ ਸ਼ਰਮਾ) ਬਾਰੇ ਲੇਖਕ ਦਾ ਕਹਿਣਾ ਹੈ, ਭੂਸ਼ਨ ਪੀਂਦਾ ਜੱਟਾਂ ਵਾਂਗ ਹੈ ਪਰ ਪਿਲਾਉਣ ਤੋਂ ਠੇਠ ਬਾਣੀਏ ਵਾਂਗ ਭੱਜਦਾ ਹੈ। ਲਤੀਫ਼ੇ ਘੜਦਾ ਹੈ, ਸਮਾਂ ਕੋਈ ਵੀ ਹੋਵੇ। ਉਸ ਦੇ ਲਤੀਫ਼ਿਆਂ ਵਿੱਚ ਮੱਕੀ ਦੇ ਮੁਰਮੁਰਿਆਂ ਦੀ ਕੜਾਕੇਦਾਰ ਤਾਜ਼ਗੀ ਤੇ ਸਵਾਦ ਹੁੰਦਾ ਹੈ। (ਪੰਨਾ-39)

ਉਸ ਦੀ ਪੈਰੋਡੀ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ, ਅਸਲ ਵਿੱਚ ਭੂਸ਼ਨ ਵੇਖਣ ਨੂੰ, ਬੰਦਾ ਘੱਟ ਅਤੇ 'ਪੈਰੋਡੀ' ਵੱਧ ਲੱਗਦਾ ਹੈ। ਉਸ ਨੇ ਪੈਰੋਡੀਆਂ ਕੇਵਲ ਉਨ੍ਹਾਂ ਸਾਹਿਤਕਾਰਾਂ ਜਾਂ ਉਨ੍ਹਾਂ ਦੀਆਂ ਕਵਿਤਾਵਾਂ ਬਾਰੇ ਹੀ ਲਿਖੀਆਂ ਹਨ ਜਿਨ੍ਹਾਂ ਨੂੰ ਬੇਹੱਦ ਪਿਆਰ ਕਰਦਾ ਹੈ।

ਉਦਾਹਰਣ ਵਜੋਂ

ਸੰਤ ਸਿੰਘ ਸੇਖੋਂ ਆਖੇ ਤੇਜਵੰਤ ਨੂੰ,
ਮੇਰੇ ਵਾਲਾ ਹਾਲ ਹੋਣਾ ਤੇਰਾ ਅੰਤ ਨੂੰ।

ਆਖ ਭੱਠੀ ਵਾਲੀ ਨੂੰ,
ਨੀ ਪੀੜਾਂ ਦਾ ਪਰਾਗਾ ਮੇਰਾ,
ਸਾੜ ਕੇ ਸਵਾਹ ਕਰ ਦੇ।

(ਪੰਨਾ-44)

ਨਵਤੇਜ ਭਾਰਤੀ ਤੇ ਅਜਮੇਰ ਰੋਡੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ ਕਿ ਪਿਛਲੇ ਦਸ ਸਾਲ ਤੋਂ ਜਦ ਤੋਂ ਦੋਹਾਂ ਭਰਾਵਾਂ ਸਾਂਝੀ ਕਾਵ-ਪੁਸਤਕ 'ਲੀਲ੍ਹਾ' ਪ੍ਰਕਾਸ਼ਿਤ ਹੋਈ ਹੈ, ਇਸਨੇ ਪੰਜਾਬੀ ਦੀ ਬਹੁਤ ਸਾਰੀ ਕਵਿਤਾ ਨੂੰ ਬੇਲੋੜੀ ਤੇ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਇਸ ਨੂੰ ਪੜ੍ਹ ਕੇ ਜਾਪਦਾ ਹੈ ਕਿ ਜ਼ਿੰਦਗੀ ਦਾ ਅਸਲ ਮਜ਼ਬੂਨ ਤਾਂ ਛੋਟੇ ਅਹਿਸਾਸਾਂ ਅਤੇ ਭਾਵ-ਚਿਤਰਾਂ ਵਿੱਚ ਪਿਆ ਹੈ, ਕੁਦਰਤ ਦੀ ਅਮੁੱਕ ਅਤੇ ਅਤੁੱਟ ਵਿਰਾਟਤਾ ਅਤੇ ਨੇੜਤਾ ਵਿੱਚ, ਝੁਣਝੁਣੀ ਦੀ ਸਰੀਰਕਤਾ ਵਿੱਚ ਅਤੇ ਪਿਆਰ ਦੀ ਅਛੋਹ ਅਤੇ ਅਮੂਕ ਛਹਿਬਰ ਵਿੱਚ। 'ਲੀਲ੍ਹਾ' ਦੀ ਬਹੁਤੀ ਕਵਿਤਾ ਕੁਝ ਕਹਿਣ ਤੇ ਮਨਾਉਣ ਵੱਲ ਨਹੀਂ, ਕੁਝ ਮਹਿਸੂਸ ਕਰਾਉਣ ਵੱਲ ਰੁਚਿਤ ਹੈ। (ਪੰਨਾ-51)

ਅਮਰਜੀਤ ਚੰਦਨ ਬਾਰੇ ਲੇਖਕ ਦਾ ਕਹਿਣਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਚੰਦਨ ਵਿੱਚ ਨਵਾਂ ਰਚਣ ਅਤੇ ਨਵੀਂ ਤਰ੍ਹਾਂ ਰਚਣ ਦੀ ਸਮਰੱਥਾ ਹੈ। ਪੰਜਾਬੀ ਵਿੱਚ ਅਜਹੀ ਮਿਸਾਲ ਮਿਲਣੀ ਔਖੀ ਹੈ ਪਰ ਕਈ ਵੇਰ ਇਸ ਪ੍ਰਵਿਰਤੀ ਹੇਠ ਉਹ ਅਜਿਹਾ ਵੀ ਲਿਖ ਜਾਂਦਾ ਹੈ ਜਿਹੜਾ ਉਠਾਲਣਯੋਗ ਨਹੀਂ ਹੁੰਦਾ ਜਾਂ ਨਹੀਂ ਰਹਿੰਦਾ। (ਪੰਨਾ-59)

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਂਥਰੋਪੌਲੋਜੀਕਲ ਲਿੰਗੂਇਸਟਿਕਸ ਵਿਭਾਗ ਦੇ ਪ੍ਰੋਫ਼ੈਸਰ ਤੇ ਮੁਖੀ 'ਲਾਲੀ ਬਾਬੇ' ਨੂੰ ਗੁਰਦੇਵ ਚੌਹਾਨ ਪਟਿਆਲਾ ਦੇ 'ਭੂਤਵਾੜੇ' ਦੇ ਅਹਿਮ ਮੈਂਬਰ ਵਜੋਂ ਯਾਦ ਕਰਦਾ ਹੈ। ਉਹ ਕਹਿੰਦਾ ਹੈ, ਭੂਤਵਾੜੇ ਨੂੰ ਲਾਲੀ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਦੀਆਂ ਸਾਰੀਆਂ ਹਸਤੀਆਂ ਆਪੋ ਆਪਣੀਆਂ ਰਚਨਾਤਮਿਕ ਭਟਕਣਾਂ ਕਾਰਨ ਇੱਕ ਦੂਜੇ ਦੀਆਂ ਪੂਰਕ ਸਨ। ਗੁਰਭਗਤ, ਨਵਤੇਜ ਭਾਰਤੀ, ਹਰਿੰਦਰ ਮਹਿਬੂਬ, ਲਾਲੀ ਬਾਬਾ, ਪ੍ਰੇਮ ਪਾਲੀ, ਅਮਰਜੀਤ ਸਾਥੀ, ਨੂਰ, ਸੁਰਜੀਤ ਲੀਅ, ਕੁਲਵੰਤ ਗਰੇਵਾਲ, ਨਕਸਲੀਆ ਹਰਭਜਨ ਸੋਹੀ, ਜੋਗਿੰਦਰ ਹੀਰ ਇਸ ਦੇ ਮੁੱਖ ਮੈਂਬਰ ਸਨ। ਕਦੇ ਕਦੇ ਜੋਗਾ ਸਿੰਘ, ਅਮਰਜੀਤ ਪਰਾਗ, ਗੁਰਬਖ਼ਸ਼ ਸਿੰਘ ਸੋਚ ਵੀ ਉੱਥੇ ਜਾ ਡੇਰਾ ਲਾਉਂਦੇ। ਇਨ੍ਹਾਂ 'ਭੂਤਾਂ' ਦਾ ਅਜੇ ਆਪਣਾ ਕੋਈ 'ਪ੍ਰਛਾਵਾਂ' ਨਹੀਂ ਸੀ ਉੱਭਰਿਆ। ਸਾਰਿਆਂ ਭੂਤਾਂ ਦੇ ਪੈਰ ਪੁੱਠੇ ਸਨ। (ਪੰਨਾ-80)

ਸੁਰਜਨ ਸਿੰਘ ਜ਼ੀਰਵੀ ਜੋ 'ਨਵਾਂ ਜ਼ਮਾਨਾ' ਅਖ਼ਬਾਰ ਦੇ ਲੰਮਾਂ ਸਮਾਂ ਸੰਪਾਦਕ ਰਹੇ, ਨੂੰ ਲੇਖਕ 'ਇੱਕੀਵੀ ਸਦੀ ਦਾ ਸ਼ਾਹਸਵਾਰ' ਮੰਨਦਾ ਹੈ। ਉਹ ਕਹਿੰਦਾ ਹੈ, ਜ਼ੀਰਵੀ ਦੇ ਨਜ਼ਰ ਵਾਲੇ ਚਸ਼ਮੇਂ ਦੇ ਸ਼ੀਸ਼ਿਆਂ ਵਿੱਚੋਂ ਉਸਦੀ ਪੈਨੀ ਦ੍ਰਿਸ਼ਟੀ ਸੱਭ ਉਨ੍ਹਾਂ ਚੀਜ਼ਾਂ 'ਤੇ ਪੈਂਦੀ ਸੀ ਜਿਹੜੀਆਂ ਮੀਡੀਆ ਦੇ ਰਹਿਮੋ-ਕਰਮ 'ਤੇ ਸਨ। ... ਉਸਦੀ 'ਇਹ ਹੈ ਬਾਰਬੀ ਸੰਸਾਰ' ਵਿੱਚ ਕੁਝ ਅਜਿਹੇ ਮਸਲੇ ਹਨ ਜਿਹੜੇ ਕੈਨੇਡਾ ਤੇ ਅਮਰੀਕੀ ਰਾਜਨੀਤੀ ਅਤੇ ਅਰਥਚਾਰੇ ਨਾਲ ਸਬੰਧਿਤ ਹੀ ਨਹੀਂ, ਸਗੋਂ ਇਨ੍ਹਾਂ ਉੱਤੇ ਕਰਾਰੀ ਚੋਟ ਵੀ ਕਰਦੇ ਹਨ। (ਪੰਨਾ-83,84)

ਇਸ ਤਰ੍ਹਾਂ ਇਸ ਆਰਟੀਕਲ ਵਿੱਚ ਇਸ ਕਿਤਾਬ ਵਿੱਚੋਂ ਗੁਰਦੇਵ ਚੌਹਾਨ ਦੇ ਸਮਕਾਲੀ ਲੇਖਕਾਂ, ਜਿਨ੍ਹਾਂ ਦੀ ਤੁਲਨਾ ਉਸ ਨੇ ਖ਼ੂਬਸੂਰਤ 'ਕਲਮੀ ਗੁਲਾਬਾਂ' ਨਾਲ ਕੀਤੀ ਹੈ ਅਤੇ ਜਿਨ੍ਹਾਂ ਦੇ ਨਾਲ ਉਸਦੀ ਬੜੀ ਨੇੜਤਾ ਰਹੀ ਹੈ, ਬਾਰੇ ਬਹੁਤ ਦਿਲਚਸਪ ਟੂਕਾਂ ਤੇ ਟਿੱਪਣੀਆਂ ਦਿੱਤੀਆਂ ਸਕਦੀਆਂ ਹਨ। ਪਰ ਇੱਥੇ ਇਹ ਏਨੀਆਂ ਹੀ ਕਾਫ਼ੀ ਹਨ, ਬਾਕੀ ਪਾਠਕ ਆਪ ਇਹ ਪੁਸਤਕ ਪੜ੍ਹ ਕੇ ਵੇਖ ਸਕਦੇ ਹਨ। ਕਿਤਾਬ ਸਾਰੀ ਦੀ ਸਾਰੀ ਨਿੱਠ ਕੇ ਪੜ੍ਹਨ ਵਾਲੀ ਹੈ। ਪਾਠਕ ਨੂੰ ਇਸ ਵਿੱਚੋਂ 'ਬਹੁ-ਮੁੱਲੇ ਪ੍ਰਵਚਨ' ਪ੍ਰਾਪਤ ਹੋ ਸਕਦੇ ਹਨ। ਮਸਲਿਨ, ਸਫ਼ਰਨਾਮੇ ਬਾਰੇ ਗੁਰਦੇਵ ਚੌਹਾਨ ਦਾ ਕਹਿਣਾ ਹੈ, ਸਫ਼ਰਨਾਮਾ ਉਹ ਹੁੰਦਾ ਹੈ ਜਦ ਕੋਈ ਕਿਧਰੇ ਇਸ ਆਸ ਨਾਲ ਜਾਵੇ ਕਿ ਉਸ ਨੇ ਮੁੜ ਆਣਾ ਹੈ। ਸਫ਼ਰਨਾਮਾ ਮੁੜ ਆਣ ਦੀ ਆਸ ਵਿੱਚੋਂ ਸ਼ੁਰੂ ਹੁੰਦਾ ਹੈ। ਇਸ ਵਿੱਚ ਉਹ ਖ਼ੁਸ਼ੀ ਸ਼ਾਮਲ ਹੁੰਦੀ ਹੈ, ਜਿਹੜੀ ਕੋਈ ਹੋਰਨਾਂ ਨੂੰ ਦੱਸਦਾ ਹੋਇਆ ਮਹਿਸੂਸ ਕਰਦਾ ਹੈ ਕਿ ਉਸ ਕਿਵੇਂ ਤੇ ਕਿਹੜੀਆਂ ਦੂਰ-ਦੁਰਾਢੀਆਂ ਥਾਵਾਂ ਗਾਹ ਮਾਰੀਆਂ ਹਨ। (ਪੰਨਾ-186)

ਏਸੇ ਤਰ੍ਹਾਂ ਕਾਵਿ-ਸਿਰਜਣਾ ਬਾਰੇ ਉਸ ਦਾ ਵਿਚਾਰ ਹੈ ਕਿ ਇਹ ਦਰਖ਼ਤਾਂ ਦੇ ਸੱਕ ਲਾਹੁਣ ਵਾਂਗ ਹੈ। ਬਾਗ਼ ਵਿੱਚ ਦੇਰ ਸਵੇਰ ਅਕਾਰਣ ਸੈਰ ਕਰਨ ਵਾਂਗ। ਬਾਗ਼ ਦੀ ਥਾਂ ਥੇਹ ਵੀ ਲੈ ਸਕਦੀ ਹੈ ਅਤੇ ਦਰਖ਼ਤਾਂ ਦੀ ਥਾਂ ਦਰਦ ਵੀ। ਕਵਿਤਾ ਦੀ ਸਾਰਥਕਤਾ ਵਿੱਚ ਫ਼ਰਕ ਕੇਵਲ ਉਦੋਂ ਪੈਂਦਾ ਹੈ ਜਦ ਗੱਲ ਨਿਰੀ ਦਿਮਾਗ਼ੀ ਬਣ ਕੇ ਰਹਿ ਜਾਵੇ। ਬਾਗ਼, ਥੇਹ ਜਾਂ ਦਰਖ਼ਤ ਇਸ ਵਿੱਚ ਹੋਣ ਜਾਂ ਨਾ, ਪਰ ਕਵਿਤਾ ਵਿੱਚ ਦਿਲ ਦੇ ਟੋਟੇ ਦਾ ਹੋਣਾ ਅਤਿਅੰਤ ਜ਼ਰੂਰੀ ਹੈ। (ਪੰਨਾ-199)

ਨੌਕਰੀ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਗੁਰਦੇਵ ਚੌਹਾਨ ਨੇ ਕੈਨੇਡਾ ਦੀ ਮੋਟਲ ਇੰਡਸਟਰੀ ਨੂੰ ਨੇੜਿਓਂ ਵੇਖਿਆ ਤੇ ਹੱਡੀਂ ਹੰਢਾਇਆ ਹੈ। ਅੱਠ ਸਾਲ ਦੇ ਇਸ ਲੰਮੇਂ ਸਮੇਂ ਦੌਰਾਨ ਉਸ ਨੇ ਇੱਥੋਂ ਦੇ ਛੋਟੇ ਜਿਹੇ ਸ਼ਹਿਰ 'ਟਰਿੰਟਨ' ਵਿਖੇ ਸਥਿਤ ਆਪਣੇ ਧੀ-ਜੁਆਈ ਦੇ 'ਡੋਰਵਾਲ ਪਾਰਕ ਮੋਟਲ' ਦਾ ਦੋ-ਤਿੰਨ ਵਾਰ ਚਾਰਜ ਸੰਭਾਲਿਆ। ਇਸ ਦੌਰਾਨ ਉਸਦਾ ਕਈ ਤਰ੍ਹਾਂ ਦੇ 'ਗਾਹਕਾਂ' (ਗੈਸਟਾਂ) ਨਾਲ ਵਾਹ ਪਿਆ ਜਿਨ੍ਹਾਂ ਵਿੱਚ ਕਈ ਚਲਾਕ ਕਿਸਮ ਦੇ ਕਿਰਾਇਆ ਮਾਰਨ ਵਾਲੇ ਅਤੇ ਗ਼ਲਤ ਕੰਮ ਕਰਨ ਵਾਲੇ ਵੀ ਸ਼ਾਮਲ ਸਨ ਅਤੇ ਉਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਪੋਲੀਸ ਦੀ ਮਦਦ ਨਾਲ ਮੋਟਲ ਵਿੱਚੋਂ ਬਾਹਰ ਕੱਢਿਆ ਗਿਆ। ਇੱਥੇ ਉਹ ਇੱਕ ਅਜਿਹੀ ਮਾਸੂਮ ਲੜਕੀ ਦਾ ਵੀ ਜ਼ਿਕਰ ਕਰਦਾ ਹੈ ਜਿਸ ਨੂੰ ਵੇਸਵਾ ਬਣਨ ਲਈ ਮਜਬੂਰ ਕਰ ਦਿੱਤਾ ਗਿਆ ਸੀ। (ਪੰਨਾ-283) ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਪੁਸਤਕ ਵਿੱਚ ਗੁਰਦੇਵ ਚੌਹਾਨ ਨੇ ਜਿੱਥੇ ਆਪਣੇ ਸਮਕਾਲੀ ਲੇਖਕਾਂ ਨਾਲ ਗੁਜ਼ਾਰੇ ਹੋਏ ਦਿਨ੍ਹਾਂ ਨੂੰ ਬਾਖ਼ੂਬੀ ਯਾਦ ਕੀਤਾ ਹੈ, ਉੱਥੇ ਇਸ ਵਿੱਚ ਕਵਿਤਾ, ਕਾਵਿ-ਸਿਰਜਣਾ, ਸਫ਼ਰਨਾਮੇ, ਮੋਟਲਨਾਮੇ, ਕੈਨੇਡਾ ਦੇ ਬਰਫ਼ਨਾਮੇ, ਕਰੋਨਾ, ਨੀਂਦ, ਪੇੜਾਂ, ਪੱਤਿਆਂ, ਬ੍ਰਹਿਮੰਡੀ ਚੇਤਨਾ, ਮੱਛੀ ਦੇ ਪਕੌੜਿਆਂ ਦੀ ਸੁਗੰਧ, ਸ਼ਰਾਬ ਤੇ ਹਾਈਡਰੋਜਨ ਦੇ ਅਦਭੁੱਤ ਗੁਣਾਂ, ਆਦਿ ਬਾਰੇ ਬਹੁ-ਮੁੱਲੀਆਂ ਗੱਲਾਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਦੀ ਜਾਣਕਾਰੀ ਵਿੱਚ ਢੇਰ ਸਾਰਾ ਵਾਧਾ ਹੁੰਦਾ ਹੈ। ਮੈਂ ਇਹ ਪੁਸਤਕ ਲਿਆਉਣ ਲਈ ਗੁਰਦੇਵ ਚੌਹਾਨ ਨੂੰ ਹਾਰਦਿਕ ਵਧਾਈ ਦਿੰਦਾਂ ਹਾਂ ਅਤੇ ਪਾਠਕਾਂ ਨੂੰ ਇਹ ਬਹੁ-ਮੁੱਲੀ ਜਾਣਕਾਰੀ ਭਰਪੂਰ ਪੁਸਤਕ ਪੜ੍ਹਨ ਦੀ ਪੁਰਜ਼ੋਰ ਸਿਫ਼ਾਰਿਸ਼ ਕਰਦਾ ਹਾਂ।

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

ਰਾਮਗੜ੍ਹੀਆ ਗੁਰਸਿੱਖ ਕਨੇਡੀਅਨ ਸਿਟੀਜ਼ਨ ਲੜਕੀ,ਜਨਮ 1996, ਕੱਦ 5 ਫੁੱਟ 4 ਇੰਚ,ਰਿਹਾਇਸ਼ ਕੈਲਗਰੀ (ਕਨੇਡਾ) ਲਈ ਚੰਗੇ ਸੈਟਲ ਪੜੇ ਲਿਖੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਲਗਰੀ ਨਿਵਾਸੀ ਹੋਵੇ । ਸੰਪਰਕ: +919814212395***291***

### ਲੜਕੀ ਦੀ ਲੋੜ

PR Canada handsome turbaned Veterinary Doctor Boy,1996/5' 7'',BVSc & AH (Doctor of Veterinary Medicine), Looking for Canadian Citizen/PR Veterinary Doctor girl, Caste no bar, Kindly provide Bio data if interested, WhatsApp: +919781040140 ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 1998, ਕੱਦ 6 ਫੁੱਟ, ਇਲੈਕਟਰੀਕਲ ਡਿਪਲੋਮਾ ਹੋਲਡਰ,ਇਲੈਕਟਰੀਸਨ ਦਾ ਬਿਜਨਿਸ ਕਰਦੇ ਲਈ, ਕਨੇਡਾ ਵਿੱਚ ਰਹਿੰਦੀ ਵੈਲ ਸੈਟਲਡ ਲੜਕੀ, ਜਿਸਦਾ ਕੱਦ ਘੱਟੋ ਘੱਟ 5 ਫੁੱਟ 5 ਇੰਚ ਜਰੂਰ ਹੋਵੇ,ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 3 ਏਕੜ ਜਮੀਨ ਹੈ। ਸੰਪਰਕ: 91 9463530520 ਜਾਂ 403 702 1490 ,ਈ ਮੇਲ: gillkaran50333@gmail.com ***290***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ ਜਨਮ 1992,ਕੱਦ 6 ਫੁੱਟ 1 ਇੰਚ, ਬੀ ਐਸ ਸੀ ਐਗਰੀਕਲਚਰਲ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਸਰਕਾਰ ਵਿੱਚ ਇੰਸਪੈਕਟਰ ਦੀ ਜੌਬ,ਅਤੇ 13 ਏਕੜ ਜਮੀਨ ਦੀ ਮਾਲਕੀ ਹੈ। ਕਨੇਡੀਅਨ ਪੀ ਆਰ ਪੋਆਇੰਟ ਸਿਸਟਮ ਨਾਲ ਹੋਈ ਹੈ। ਛੋਟੀ ਭੈਣ ਕੈਨੇਡਾ ਰਹਿ ਰਹੀ ਹੈ। ਸੰਪਰਕ: 1 604 902 2632 ***290***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਿੱਚ ਸਰਕਾਰੀ ਨੌਕਰੀ ਕਰਦੇ ਲੜਕੇ, ਜਿਸ ਕੋਲ ਆਪਣਾ ਘਰ ਵੀ ਹੈ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਜਨਮ 1996,ਕੱਦ 6 ਫੁੱਟ ਵਿਦਿਅਕ ਯੋਗਤਾ: Bachelor of Computer Application from Khalsa University Amritsar. Post Graduation from Canada. Professional: Working as a Software Developer with Alberta Government, earning six figure salary, Own house. Open to relocate. WhatsApp : +91 99141 33698 ***287***.

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1991,ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਪਲੱਸ 2,ਆਈ ਟੀ ਆਈ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸੀ ਕੇਸ ਬਿਨਾ ਬੱਚੇ ਤੋਂ ਵੀ ਸੰਪਰਕ ਕਰ ਸਕਦੇ ਹਨ। ਕਾਲ ਇੰਡੀਆ ਦੇ ਸਮੇਂ ਅਨਸਾਰ ਹੀ ਕੀਤੀ ਜਾਵੇ। ਵਟਸਐਪ: 91 9876504844 ***287***.,

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1997 , ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਨੇ ਸਿਵਲ ਇੰਜੀਨੀਅਰ ਦਾ ਡਿਪਲੋਮਾ ਕੀਤਾ ਹੋਇਆ ਹੈ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 680 6801 ***287***.

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਜ਼ੈਲਦਾਰ,ਖੁਬੜ ਪਰਿਵਾਰ ਦੇ ਲੜਕੇ ਜਨਮ 1997, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਹੋਟਲ ਮੈਨੇਜਮੈਂਟ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਰੈਸਟੋਰੈਂਟ ਅਤੇ ਮਾਰਗੇਜ ਦਾ ਕਾਰੋਬਾਰ ਹੈ। ਸੰਪਰਕ: 1 519 572 7598 ਜਾਂ +91 9416020778***287***.

### ਲੜਕੀ ਦੀ ਲੋੜ

ਕਨੇਡੀਅਨ ਵਰਕ ਪਰਮਿਟ ਹੋਲਡਰ ,ਜੱਟ ਸਿੱਖ ਬਰਾੜ,ਉਮਰ 25 ਸਾਲ, ਕੱਦ 6 ਫੁੱਟ,ਆਪਣੀ ਕੰਸਟਰਸ਼ਨ ਕੰਪਨੀ,ਸੈਟਲ ਲੜਕੇ ਲਈ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਲੁਧਿਆਣਾ,ਫਰੀਦਕੋਟ ਨੂੰ ਪਹਿਲ ।ਫੋਨ ਕਾਲ ਜਾਂ ਟੈਕਸਟ ਮੈਸੇਜ : 1587 892 5274 ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਵਿਧਵਾ ਦੋ ਬੱਚਿਆਂ ਦੀ ਮਾਂ,ਉਮਰ 37 ਸਾਲ ,ਕੱਦ 5 ਫੁੱਟ 4 ਇੰਚ, ਐਮ ਐੱਸ ਸੀ ਫੈਸ਼ਨ ਡਿਜਾਈਨਿੰਗ,ਚਾਈਲਡਹੁੱਡ ਸਰਟੀਫਿਕੇਸ਼ਨ ਲੈਵਲ 3,ਲਈ ਹਾਣ ਪ੍ਰਵਾਣ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਉਮਰ 30 ਤੋਂ 39 ਵਿਚਕਾਰ, ਕੱਦ 5 ਫੁੱਟ 9 ਇੰਚ ਜਾਂ ਇਸ ਤੋਂ ਉਪਰ ਅਤੇ ਉਹ ਕੈਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ਨੋ ਕਾਸਟ ਬਾਰ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 581 7650 ਜਾਂ +1 (825) 288 5538 ਈ ਮੇਲ: Divjot7650@gmail.com ***286***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚਹਿਲ ਪਰਿਵਾਰ ਦੀ ਪਟਿਆਲਾ ਇਲਾਕੇ ਨਾਲ ਸਬੰਧਿਤ ਲੜਕੀ ਜਨਮ 1997,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: B.Tech in Computer Science – Thapar University, Patiala, MBA in Human Resources – Punjabi University, Patiala, PROFESSION: Working as a Senior Software Engineer with the Government of Alberta, earning a six-figure CAD annual income. Owns a house in Canada. Open to settle in India if the right match is found. Father: Retired Additional S.E., PSPCL, Mother: Retired Government School Teacher. Call: WhatsApp: 96460 47457 , Canada: 1 825 889 0220 ***292***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਮਲੇਰਕੋਟਲਾ ਏਰੀਆ ਨਾਲ ਸਬੰਧਿਤ ਜੱਟ ਸਿੱਖ ਗਰੇਵਾਲ ਪਰਿਵਾਰ ਦੇ ਇਕਲੌਤੇ ਬੇਟੇ ਜਨਮ 1992,ਕੱਦ 6 ਫੁੱਟ 2 ਇੰਚ, ਐਮ ਏ ਇੰਗਲਿਸ਼ ਲਈ ਯੂ ਐਸ ਏ / ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1778 321 2961 *** 284***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਕਪੂਰਥਲਾ ਪਿਛੋਕੜ,ਰਾਮਗੜੀਆ ਪਰਿਵਾਰ ਦੇ ਲੜਕੇ,ਜਨਮ 1992,ਕੱਦ 5 ਫੁੱਟ 9 ਇੰਚ, ਬੀ ਟੈਕ ਸਿਵਲ ਇੰਜੀਨੀਅਰਿੰਗ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਵਿੱਚ ਪਰਿਵਾਰ ਦੀ ਆਪਣੀ ਸ਼ਾਅ ਮਿੱਲ ਹੈ ਅਤੇ ਲੜਕੇ ਦਾ ਵੱਡਾ ਭਰਾ ਕਨੇਡਾ ਆਪਣੇ ਪਰਿਵਾਰ ਨਾਲ ਸੈਟਲ ਹੈ। ਸੰਪਰਕ: 1 647 739 5891 *** 284***

### ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 284*Roop**

### ਲੜਕੀ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਪੱਗ ਬੰਨਦੇ, ਵੈਜੀਟੇਰੀਅਨ ਲੜਕੇ ਉਮਰ 29 ਸਾਲ,ਕੱਦ 5 ਫੁੱਟ 8 ਇੰਚ ਪੜਾਈ ਲਿਖਾਈ: ਪਲੱਸ 2: ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀਆਂ ਦੋਵੇਂ ਭੈਣਾਂ ਕਨੇਡਾ ਰਹਿੰਦੀਆਂ ਹਨ। ਡਿਵੋਰਸ ਕੇਸ ਵਾਲੀ ਲੜਕੀ ਚਾਹੇ ਬੱਚਾ ਵੀ ਹੋਵੇ ਉਹ ਵੀ ਸੰਪਰਕ ਕਰ ਸਕਦੀ ਹੈ। 403 483 9228 ਜਾਂ :gursewakgill94@yahoo.com *** 284***

### ਲੜਕੇ ਦੀ ਲੋੜ

ਕੈਨੇਡਾ ਵਿਜਟਿਰ ਵੀਜਾ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਜਨਮ 1999,ਕੱਦ 5 ਫੁੱਟ 2 ਇੰਚ, ਕਮਿਊਨਿਟੀ ਕੌਸਮੈਟਿਓਲਿਜੀ ਡਿਪਲੋਮਾ ਹੋਲਡਰ, ਬਿਊਟੀਸਨ ਦੀ ਜੌਬ ਕਰਦੀ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਪੀ ਆਰ ਦੀ ਫਾਈਲ ਲੱਗੀ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 204 970 0666*** 284***F***

### ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ਤਰੀ ਧਾਮੀ ਕਨੇਡਾ ਦੀਆਂ ਪੀ ਆਰ ਲੜਕੀਆਂ ਦੇ ਇਕਲੌਤੇ ਭਰਾ ਜਨਮ 1999, ਕੱਦ 5 ਫੁੱਟ 4 ਇੰਚ,ਨਸ਼ਿਆਂ ਤੋਂ ਰਹਿਤ,ਸਰਦਾਰ , ਵਿਦਿਆ ਯੋਗਤਾ ਆਈ ਟੀ,ਗਰਾਫਿਕ ਡੀਜਾਇਨਰ,ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ। ਸੰਪਰਕ : 416-300-3204 ਜਾਂ ਇੰਡੀਆ 9814320452 *** 284***F***

### ਲੜਕੇ ਦੀ ਲੋੜ

ਜੱਟ ਸਿੱਖ ਸਰਾਂ ਪਰਿਵਾਰ ਦੀ ਲੜਕੀ ਜਨਮ 1993,ਕੱਦ 5 ਫੁੱਟ 2 ਇੰਚ, ਸਟੱਡੀ: ਐਚ ਆਰ ਮੈਨੇਜਮੈਂਟ,ਬੀ ਐਸ ਸੀ ਐਗਰੀਕਲਚਰਲ (ਇੰਡੀਆ) ਪ੍ਰੋਸੈਸਿੰਗ ਪੀ ਆਰ ਕੇਸ ਲਈ 30-35 ਸਾਲ ਉਮਰ ਦੇ ਅੰਮ੍ਰਿਤਧਾਰੀ, ਚੰਗੇ ਪੜ੍ਹੇਲਿਖੇ,ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕਨੇਡਾ ਜਾਂ ਯੂ ਐਸ ਏ ਦਾ ਪੀ ਆਰ ਹੋਵੇ। ਪਰ ਚੰਗੀ ਯੋਗਤਾ ਵਾਲਾ ਵਿਜਟਿਰ ਜਾਂ ਵਰਕ ਪਰਮਿਟ ਵੇਲੋਂ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 431 777 4666 ਜਾਂ 1 705 314 2000 *** 284***F***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***292 rao***

### ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਕਿ ਲੜਕੇ ਨੂੰ ਸੈਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੁਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ (ਵਟਸਐਪ): 9583592000

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੁਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੇ ਐਡਮਿੰਟਨ ਰਹਿੰਦੇ ਲੜਕੇ ਜਨਮ 1997,ਕੱਦ 5 ਫੁੱਟ 10 ਇੰਚ, ਇਲੈਕਟਰੋਨਿਕ ਇੰਜੀਨੀਅਰ ਡਿਪਲੋਮਾ ਹੋਲਡਰ, ਰੈਡ ਸੀਲ, ਜਰਨੀਮੈਨ ਹੈਵੀ ਡਿਊਟੀ ਮਕੈਨਿਕ ਦੀ ਜੌਬ ਕਰਦੇ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਕਨੇਡੀਅਨ ਸਿਟੀਜਨ ਹੈ। ਸੰਪਰਕ: ਵਟਸਐਪ :+ 91 8544819749 ***287 ***,

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ ਵਟਸਐਪ :+ 91 8544819749 ***287 ***

### NAME CHANGE NOTICE

I, JASPAL SINGH son/of GURBAKSH SINGH, holder of Indian Passport No. Y2229405 issued at VANCOUVER, on 26/06/2024, permanent resident of B-1/95, MOHALLA TAKHATGARH, PHILLAUR-144410, DISTT. JALANDHAR, PUNJAB, INDIA and presently residing at #8, 510 EDMONTON TRAIL, NE, CALGARY, AB, T2E 3H1, CANADA. Do hereby change my name from JASPAL SINGH to JASPAL SINGH MUNJAL for all future purposes with immediate effect.

Date: 06 Feb 2026 Mobile: 587-718-0055


## Need Office Administrator

**We need Office administrator person for our Calgary Office. who speaks good English, must have driver license, good wages,we will give training also!**

**Contact : Kam Khamba @403-975-0128**



"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

**403 640 2000**

# ਕਲਮੀ ਸੱਥ

## ਅੰਬੀ ਦੇ ਬੂਟੇ ਥੱਲੇ

ਇੱਕ ਬੂਟਾ ਅੰਬੀ ਦਾ, ਘਰ ਸਾਡੇ ਲੱਗਾ ਨੀ
ਜਿਸ ਥੱਲੇ ਬਹਿਣਾ ਨੀ ਸੁਰਗਾਂ ਵਿਚ ਰਹਿਣਾ ਨੀ
ਕੀ ਉਸ ਦਾ ਕਹਿਣਾ ਨੀ, ਵਿਹੜੇ ਦਾ ਗਹਿਣਾ ਨੀ
ਪਰ ਮਾਹੀ ਬਾਝੋਂ ਨੀ, ਪਰਦੇਸੀ ਬਾਝੋਂ ਨੀ
ਇਹ ਮੈਨੂੰ ਵੱਢਦਾ ਏ ਤੇ ਖੱਟਾ ਲੱਗਦਾ ਏ

ਇਸ ਬੂਟੇ ਥੱਲੇ ਜੇ, ਮੈਂ ਚਰਖਾ ਡਾਹਨੀ ਆਂ
ਤੇ ਜੀ ਪਰਚਾਵਣ ਨੂੰ ਦੋ ਤੰਦਾਂ ਪਾਨੀ ਆਂ
ਕੋਇਲ ਦੀਆਂ ਕੂਕਾਂ ਨੀ ਮਾਰਨ ਬੰਦੂਕਾਂ ਨੀ
ਪੀਹੜੇ ਨੂੰ ਭੰਨਾਂ ਮੈਂ ਚਰਖੀ ਨੂੰ ਫੂਕਾਂ ਨੀ
ਫਿਰ ਡਰਦੀ ਭਾਬੋ ਤੋਂ ਲੈ ਬਹਾਂ ਕਸੀਦਾ ਜੇ
ਯਾਦਾਂ ਵਿਚ ਡੁੱਬੀ ਦਾ ਦਿਲ ਕਿਧਰੇ ਜੁੜ ਜਾਵੇ
ਤੇ ਸੂਈ ਕਸੀਦੇ ਦੀ ਪੋਟੇ ਵਿਚ ਪੁੜ ਜਾਵੇ

ਫਿਰ ਉੱਠ ਕੇ ਪੀਹੜੇ ਤੋਂ ਮੈਂ ਭੁੰਜੇ ਬਹਿ ਜਾਵਾਂ
ਚੀਚੀ ਧਰ ਠੋਡੀ ਤੇ ਵਹਿਣਾਂ ਵਿਚ ਵਹਿ ਜਾਵਾਂ
ਸੁੱਖਾਂ ਦੀਆਂ ਗੱਲਾਂ ਨੀ ਮੇਲਾਂ ਦੀਆਂ ਘੜੀਆਂ ਨੀ
ਖੀਰਾਂ ਤੇ ਪੂੜੇ ਨੀ ਸਾਵਣ ਦੀਆਂ ਝੜੀਆਂ ਨੀ
ਸੋਹਣੇ ਦੇ ਤਰਲੇ ਨੀ, ਤੇ ਮੇਰੀਆਂ ਅੜੀਆਂ ਨੀ
ਜਾਂ ਚੇਤੇ ਆ ਜਾਵਣ ਲੋਹੜਾ ਹੀ ਪਾ ਜਾਵਣ।

ਉਹ ਕਿਹਾ ਦਿਹਾੜਾ ਸੀ, ਉਹ ਭਾਗਾਂ ਵਾਲਾ ਸੀ
ਉਹ ਕਰਮਾਂ ਵਾਲਾ ਸੀ, ਜਿਸ ਸ਼ੁੱਭ ਦਿਹਾੜੇ ਨੀ
ਘਰ ਮੇਰਾ ਲਾੜਾ ਸੀ
ਮੈਂ ਨਾਤੀ ਧੋਤੀ ਨੀ, ਮੈਂ ਵਾਲ ਵਧਾਏ ਨੀ
ਮੈਂ ਕਜਲਾ ਪਾਇਆ ਨੀ, ਮੈਂ ਗਹਿਣੇ ਲਾਏ ਨੀ
ਮਲ ਮਲ ਕੇ ਖੋੜੀ ਮੈਂ ਹੀਰੇ ਲਿਸ਼ਕਾਏ ਨੀ
ਲਾ ਲਾ ਕੇ ਬਿੰਦੀਆਂ ਮੈਂ ਕਈ ਫੰਧ ਬਣਾਏ ਨੀ
ਜਾਂ ਹਾਰ ਸ਼ਿੰਗਾਰਾਂ ਤੋਂ ਮੈਂ ਵਿਹਲੀ ਹੋਈ ਨੀ
ਆ ਅੰਬੀ ਥੱਲੇ ਮੈਂ, ਫਿਰ ਪੂਣੀ ਛੋਹੀ ਨੀ

ਉਹ ਚੰਦ ਪਿਆਰਾ ਵੀ, ਆ ਬੈਠਾ ਸਾਹਵੇਂ ਨੀ
ਅੰਬੀ ਦੀ ਛਾਵੇਂ ਨੀ
ਉਹ ਮੇਰੀਆਂ ਪ੍ਰੀਤਾਂ ਦਾ, ਸੁਹਣਾ ਵਣਜਾਰਾ ਨੀ
ਕਿੱਸੇ ਪਰਦੇਸਾਂ ਦੇ, ਲਾਮਾਂ ਦੀਆਂ ਗੱਲਾਂ ਨੀ
ਘੁਮਕਾਰ ਜਹਾਜ਼ਾਂ ਦੀ ਸਾਗਰ ਦੀਆਂ ਛੱਲਾਂ ਨੀ
ਵੈਰੀ ਦੇ ਹੱਲੇ ਨੀ, ਸੋਹਣੇ ਦੀਆਂ ਠੱਲਾਂ ਨੀ
ਉਹ ਦੱਸੀ ਜਾਵੇ ਤੇ ਮੈਂ ਭਰਾਂ ਹੁੰਗਾਰਾ ਨੀ

ਉਸ ਗੱਲਾਂ ਕਰਦੇ ਨੂੰ ਪੱਤਿਆਂ ਦੀ ਖੜ ਖੜ ਨੇ
ਬੱਦਲਾਂ ਦੀ ਸ਼ੂਕਰ ਨੇ ਵੰਗਾਂ ਦੀ ਛਣ ਛਣ ਨੇ
ਚਰਖੀ ਦੀ ਘੂਕਰ ਨੇ, ਟੱਪਿਆਂ ਦੀ ਲੋਰੀ ਨੇ
ਕੋਇਲ ਦੀ ਕੂਕਰ ਨੇ ਮੰਜੇ ਤੇ ਪਾ ਦਿੱਤਾ
ਤੇ ਘੂਕ ਸੁਲਾ ਦਿੱਤਾ

ਤੱਕ ਸੁੱਤਾ ਮਾਹੀ ਨੀ, ਚਰਖੀ ਚਰਮਖ ਤੋਂ
ਮੈਂ ਕਾਲਖ ਲਾਹੀ ਨੀ ਜਾ ਸੁਤੇ ਸੋਹਣੇ ਦੇ
ਮੱਥੇ ਤੇ ਲਾਈ ਨੀ, ਮੈਂ ਤਾੜੀ ਲਾਈ ਨੀ
ਮੈਂ ਦੋਹਰੀ ਹੋ ਗਈ ਨੀ, ਮੈਂ ਚੌਹਰੀ ਹੋ ਗਈ ਨੀ
ਉਹ ਉੱਠ ਖਲੋਇਆ ਨੀ, ਘਬਰਾਇਆ ਹੋਇਆ ਨੀ
ਉਹ ਬਿਟ ਬਿਟ ਤੱਕੇ ਨੀ, ਉਹ ਮੁੜ ਮੁੜ ਪੁੱਛੇ ਨੀ
ਮੈਂ ਗੱਲ ਨਾ ਦੱਸਾਂ ਨੀ

ਤੱਕ ਸ਼ੀਸ਼ਾ ਚਰਖੀ ਦਾ ਉਸ ਘੂਰੀ ਪਾਈ ਨੀ
ਮੈਂ ਚੁੰਗੀ ਲਾਈ ਨੀ
ਉਹ ਪਿੱਛੇ ਭੱਜਾ ਨੀ ਮੈਂ ਦਿਆਂ ਨਾ ਡਾਹੀ ਨੀ
ਉਸ ਮਾਣ ਜਵਾਨੀ ਦਾ ਮੈਂ ਹੱਠ ਜ਼ਨਾਨੀ ਦਾ
ਮੈਂ ਅੱਗੇ ਅੱਗੇ ਨੀ ਉਹ ਪਿੱਛੇ ਪਿੱਛੇ ਨੀ
ਮੰਜੀ ਦੇ ਗਿਰਦੇ ਨੀ ਅੰਬੀ ਦੇ ਗਿਰਦੇ ਨੀ
ਨੱਸਦੇ ਵੀ ਜਾਈਏ ਨੀ ਹੱਸਦੇ ਵੀ ਜਾਈਏ ਨੀ
ਉਹਦੀ ਚਾਦਰ ਖੜਕੇ ਨੀ ਮੇਰੀ ਕੋਠੀ ਧੜਕੇ ਨੀ
ਉਹਦੀ ਜੁੱਤੀ ਚੀਕੇ ਨੀ ਮੇਰੀ ਝਾਂਜਰ ਛਣਕੇ ਨੀ
ਉਹਦੀ ਪਗੜੀ ਢਹਿ ਪਈ ਨੀ
ਮੇਰੀ ਚੁੰਨੀ ਲਹਿ ਗਈ ਨੀ
ਜਾ ਹਫ ਕੇ ਰਹਿ ਗਏ ਨੀ
ਚੁੱਪ ਕਰ ਕੇ ਬਹਿ ਗਏ ਨੀ
ਉਹ ਕਿਹਾ ਦਿਹਾੜਾ ਸੀ ਉਹ ਭਾਗਾਂ ਵਾਲਾ ਸੀ
ਉਹ ਕਰਮਾਂ ਵਾਲਾ ਸੀ ਜਿਸ ਸ਼ੁੱਭ ਦਿਹਾੜੇ ਨੀ
ਘਰ ਮੇਰਾ ਲਾੜਾ ਸੀ

ਅੱਜ ਖਾਣ ਹਵਾਵਾਂ ਨੀ, ਅੱਜ ਸਾੜਣ ਛਾਵਾਂ ਨੀ
ਤਰਖਾਣ ਸਦਾਵਾਂ ਨੀ, ਅੰਬੀ ਕਟਵਾਵਾਂ ਨੀ
ਤੋਬਾ ਮੈਂ ਭੁੱਲੀ ਨੀ ਹਾੜਾ ਮੈ ਭੁੱਲੀ ਨੀ
ਜੇ ਅੰਬੀ ਕੱਟਾਂਗੀ, ਚੜ ਕਿਸ ਦੇ ਉੱਤੇ
ਰਾਹ ਢੋਲੇ ਦਾ ਤੱਕਾਂਗੀ

**ਪ੍ਰੋ. ਮੋਹਨ ਸਿੰਘ**

## ਸੂਰਜ ਵੀ ਨਿੱਤ ਡੁੱਬਦਾ ਏ

ਸ਼ੁਹਰਤ ਜਿੰਨੀ ਮਰਜ਼ੀ ਮਿਲਜੇ,
ਤੁਸੀਂ ਪੈਰ ਕਦੇ ਵੀ ਛੱਡੋ ਨਾ।
ਸੂਰਜ ਵੀ ਨਿੱਤ ਡੁੱਬਦਾ ਏ,
ਇਹ ਗੱਲ ਦਿਲ'ਚੋਂ ਕੱਢੋ ਨਾ।

ਵੱਡੀਆਂ ਸ਼ੁਹਰਤਾਂ ਵਾਲੇ ਏਥੇ,
ਕੱਖੋਂ ਹੌਲ਼ੇ ਨ ਹੋ ਕੇ ਤੁਰ ਗਏ।
ਸੰਸਾਰ ਦੇ ਜੋ ਸ਼ਾਹ ਸਕੰਦਰ,
ਜਿਵੇਂ ਆਏ ਓਵੇਂ ਮੁੜ ਗਏ।
ਜਿੰਨਾ ਮਿਲਿਆ ਸਬਰ ਕਰੋ,
ਬਹੁਤਾ ਵੀ ਮੂੰਹ ਅੱਡੋ ਨਾ।
ਸੂਰਜ ਵੀ ਨਿੱਤ ਡੁੱਬਦਾ ਏ ..।

ਢਲਦਾ ਪ੍ਰਛਾਵਾਂ ਸ਼ੁਹਰਤ ਹੁੰਦੀ,
ਇਹ ਗੱਲ ਸਦਾ ਵਿਚਾਰੋ ਲੋਕੋ।
ਕਿੰਨੇ ਤਾਰੇ ਅੰਬਰ ਦੇ ਟੁੱਟਦੇ,
ਝਾਤ ਜ਼ਰਾ ਤੁਸੀਂ ਮਾਰੋ ਲੋਕੋ।
ਹੋਰਾਂ ਨੇ ਵੀ ਝੰਡੇ ਨੇ ਗੱਡਣੇ,
ਪੱਕੇ ਝੰਡੇ ਕਦੇ ਵੀ ਗੱਡੋ ਨਾ।
ਸੂਰਜ ਵੀ ਨਿੱਤ ਡੁੱਬਦਾ ਏ ।

ਓਹੀ ਅੱਖਾਂ ਰੋਂਦੀਆਂ ਵੇਖੀਆਂ,
ਜੋ ਨੇ ਪਹਿਲਾਂ ਹੱਸਦੀਆਂ ਸੀ।
ਕਿੱਕਰਾਂ ਵਿੱਚ ਫਸੀਆਂ ਪਤੰਗਾਂ,
ਇਹੋ ਗੱਲ ਹੀ ਦੱਸਦੀਆਂ ਸੀ।
ਆਪਣੀ ਗੁੱਡੀ ਜੇ ਨਹੀਂ ਚੜ੍ਹਦੀ,
ਹੋਰ ਦੀ ਭੁੱਲ ਕੇ ਤੁਸੀਂ ਵੱਢੋ ਨਾ।
ਸੂਰਜ ਵੀ ਨਿੱਤ ਡੁੱਬਦਾ ਏ ..।

ਸ਼ੁਹਰਤ ਦਾ ਫਲ਼ ਐਸਾ ਹੁੰਦਾ,
ਜੋ ਕਿਸੇ-ਕਿਸੇ ਨੂੰ ਪਚਦਾ ਏ।
'ਅਮਰੀਕ ਤਲਵੰਡੀ'ਵਾਲ਼ਾ ਤਾਹੀਂ,
ਸ਼ੁਹਰਤ ਦੇ ਕੋਲੋਂ ਬਚਦਾ ਏ।
ਝਾੜੀ ਵਿਚਲੇ ਦੋਂ ਦੇ ਨਾਲੋਂ,
ਹੱਥ ਵਿਚਲਾ ਇੱਕ ਛੱਡੋ ਨਾ।
ਸੂਰਜ ਵੀ ਨਿੱਤ ਡੁੱਬਦਾ ਏ ।



**ਅਮਰੀਕ ਸਿੰਘ ਤਲਵੰਡੀ ਕਲਾਂ,**
**ਗਿੱਲ ਨਗਰ, ਗਲੀ ਨੰ-13 ,ਮੁਲਾਂਪੁਰ ਦਾਖ਼ਾ(ਲੁਧਿਆਣਾ)9463542896.**

## ਤੂੰ ਨੇੜੇ ਹੋ ਕੇ ਵੇਖ ਜਰਾ

ਪਿੰਡ ਵੜਦਿਆਂ ਹੀ ਫਿਰਨੀ ਉੱਤੇ ਇੱਕ ਵੱਡਾ ਸਾਰਾ ਘਰ ਦਿਸਦਾ ਹੈ
ਤੂੰ ਨੇੜੇ ਹੋ ਕੇ ਵੇਖ ਜਰਾ
ਮਿਹਨਤ ਕਰਕੇ ਮਹਿਲ ਬਣਾ ਕੇ, ਉਹ ਤਾਂ ਵਾਪਿਸ ਮੁੜ ਗਿਆ ਏ
ਉਥੇ ਹੁਣ ਵਾਸਾ ਕਿਸਦਾ ਹੈ?
ਤੂੰ ਨੇੜੇ ਹੋ ਕੇ ਵੇਖ ਜਰਾ
ਚਿੱਟੇ ਪਾ ਕੇ ਖੂੰਡਾ ਫੜਕੇ, ਜੋ ਮੰਜੇ ਉੱਤੇ ਬੈਠਾ ਏ।
ਉੱਤੋਂ ਹੀ ਚੰਗਾ ਦਿਸਦਾ ਹੈ
ਤੂੰ ਨੇੜੇ ਹੋ ਕੇ ਵੇਖ ਜਰਾ
ਬਾਪੂ ਕਹਿ ਜਦ ਹਾਲ ਪੁੱਛੇਂਗਾ, ਤਾਂ ਮਨ ਕਾਬੂ ਵਿੱਚ ਰਹਿਣਾ ਨੀ।
ਉਹ ਤਾਂ ਫੋੜੇ ਵਾਂਗ ਫਿਸਦਾ ਹੈ ।
ਤੂੰ ਨੇੜੇ ਹੋ ਕੇ ਵੇਖ ਜਰਾ
ਗੁਰਬਤ ਦੀ ਮਾਰੀ ਸੱਟ ਉੱਤੇ ਭਾਵੇਂ, ਸਮੇਂ ਨੇ ਮਰਹਮ ਲਾਈ ਏ।
ਪਰ ਜ਼ਖ਼ਮ ਤਾਂ ਹਾਲੇ ਵੀ ਰਿਸਦਾ ਹੈ।
ਤੂੰ ਨੇੜੇ ਹੋ ਕੇ ਵੇਖ ਜਰਾ
ਹੱਥ ਕੰਬਦੇ ਨੇ ਤਾਂ ਭੀ ਮੰਜੇ ਦੀਆਂ ਕਿੰਝ ਦੌਣ ਦੀਆਂ ਰੱਸੀਆਂ ਖਿੱਚਦਾ ਹੈ
ਤੂੰ ਨੇੜੇ ਹੋ ਕੇ ਵੇਖ ਜਰਾ
ਗ਼ਰਜਾਂ ਖਾਤਰ ਆਪਣੇ ਬੱਚੇ, ਆਪਣੇ ਆਪ ਤੋਂ ਦੂਰ ਕਰੇ।
ਹੁਣ ਕੱਲੇਪਨ ਦੀ ਚੱਕੀ ਦੇ ਵਿੱਚ ਆਇਆ ਬੁਢਾਪਾ ਕਿੰਝ ਪਿਸਦਾ ਹੈ।
ਤੂੰ ਨੇੜੇ ਹੋ ਕੇ ਵੇਖ ਜਰਾ

ਭਰਿਆ ਭਰਿਆ ਵੇਹੜਾ ਸੀ ਜੋ, ਹੁਣ ਤਾਂ ਭਾਂ ਭਾਂ ਕਰਦਾ ਏ।
ਇਹ ਸੰਤਾਪ ਤਾਂ ਉਸ ਘਰ ਦੀਆਂ ਕੰਧਾਂ ਚੋਂ ਵੀ ਦਿਸਦਾ ਹੈ।
ਤੂੰ ਨੇੜੇ ਹੋ ਕੇ ਵੇਖ ਜਰਾ



ਸੋਹਣ ਭੁੱਚੋ 91 8146946195

### ਪਰਿਵਾਰ ਦਿਵਸ ਤੇ ਵਿਸ਼ੇਸ਼

## ਪਰਿਵਾਰ ਕੱਲ੍ਹ ਤੇ ਅੱਜ

ਦਾਦੇ ਪੜਦਾਦੇ ਪਰਿਵਾਰਾਂ ਨਾਲ ਸੀ
ਘਰਾਂ 'ਚ ਸੁਰੱਖਿਅਤ ਉਦੋਂ ਬਾਲ ਸੀ
ਟੱਪੇ ਦਹਿਲੀਜ਼, ਕਿਸ ਦੀ ਮਜਾਲ ਸੀ ?
ਭਲੇ ਵੇਲਿਆਂ ਦੀ ਬਾਤ ਮੈਂ ਸੁਣਾਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਚਾਚੇ ਤਾਏ ਸੀ ਕਰਾਉਂਦੇ ਕੰਮ ਨਾਲ ਜੀ
ਬਾਪੂ ਬਣ ਜਾਂਦਾ ਸਭਨਾਂ ਦੀ ਢਾਲ ਜੀ
ਵਿਹੜੇ ਰੌਣਕਾਂ ਰਹਿਣ ਸਾਲੋ ਸਾਲ ਜੀ
ਉਦੋਂ ਕਹਿੰਦੇ ਸੀ ਭਰਾ ਹੁੰਦੇ ਬਾਹਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਚਾਚੀ ਤਾਈ ਹੁੰਦੀ ਮਾਤਾ ਦੇ ਸਮਾਨ ਸੀ
ਦਾਦੀ ਹੱਥ ਸਾਰੇ ਘਰ ਦੀ ਕਮਾਨ ਸੀ
ਇੱਕ ਦੂਜੇ ਉੱਤੇ ਦਿੰਦੇ ਸਾਰੇ ਜਾਨ ਸੀ
ਸ਼ਾਨ ਘਰਾਂ ਦੀ ਸੀ ਉਦੋਂ ਮੱਝਾਂ ਗਾਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਸਾਂਝੇ ਲੱਭਦੇ ਨਾ ਅੱਜ ਪਰਿਵਾਰ ਜੀ
'ਕੱਲੇ ਕੱਲੇ' ਅਸੀਂ ਹੁੰਦੇ ਆਂ ਖੁਆਰ ਜੀ
ਇੱਕ ਦੂਜੇ ਤੇ ਨਾ ਰਿਹਾ ਇਤਬਾਰ ਜੀ
ਮਾਤਾ ਪਿਤਾ ਨਾਲ ਰਹੇ ਟਾਵਾਂ ਟਾਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਬੱਚੇ ਸਾਡੇ ਨੇ ਬੇਗਾਨਿਆਂ 'ਚ ਰੁੱਲਦੇ
ਮੀਆਂ ਬੀਵੀ ਪਰੇਸ਼ਾਨੀਆਂ ਨਾ ਘੁਲ਼ਦੇ
ਸਿਰ ਝੱਖੜ ਮੁਸੀਬਤਾਂ ਦੇ ਝੁੱਲਦੇ
ਕਿੱਥੇ ਦੁੱਖਾਂ ਵਾਲੀ ਪੰਡ ਜਾ ਕੇ ਲਾਹਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਆਪਾਂ ਰੱਖੀਏ ਬਜ਼ੁਰਗਾਂ ਨੂੰ ਨਾਲ ਜੀ
ਪੋਤੇ ਪੋਤੀਆਂ ਨੂੰ ਲੈਣਗੇ ਸੰਭਾਲ ਜੀ
ਅਸੀਸਾਂ ਨਾਲ ਆਪਾਂ ਹੋਣਾ ਮਾਲੋ ਮਾਲ ਜੀ
ਕਿਤੋਂ ਮਿਲਦੀਆਂ ਮੁੱਲ ਨਾ ਦੁਆਵਾਂ ਦੋਸਤੋ
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।

ਟੈਕਨੋਲੋਜੀ ਨੇ 'ਦੀਸ਼' ਸਾਨੂੰ ਪੱਟਿਆ
ਅੱਜ ਛੱਜ ਵਿੱਚ ਪਾ ਕੇ ਹੈ ਛੱਟਿਆ
ਇੱਕ ਦੂਜੇ ਤੋਂ ਸਬੰਧ ਸਾਡਾ ਕੱਟਿਆ
ਸਾਰੇ ਫੋਨ ਉੱਤੇ !! ਕਿਸ ਨੂੰ ਬੁਲਾਵਾਂ ਦੋਸਤੋ ?
ਅੱਜ ਕਿੱਥੋਂ ਉਹ ਪਿਆਰ ਮੈਂ ਲਿਆਵਾਂ ਦੋਸਤੋ।



*ਗੁਰਦੀਸ਼ ਕੌਰ ਗਰੇਵਾਲ ਕੈਲਗਰੀ*
*ਸੰਪਰਕ: +1 403 404 1450*




# ਦਿਲ ਵਾਲਾ ਦੁੱਖੜਾ-5

**-ਮਨਜ਼ੂਰ ਹੁਸੈਨ ਝੱਲਾ**



ਇਹ ਗੱਲ ਮਨ ਨੂੰ ਸਕੂਨ ਦੇਣ ਲਈ ਬਹੁਤ ਵੱਡੀ ਹੈ ਕਿ, ਰੇਸ਼ਮਾ ਪ੍ਰਸਿੱਧੀ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸਟੇਜਾਂ ਤੇ ਹਮੇਸ਼ਾ ਮਨਜ਼ੂਰ ਹੁਸੈਨ ਝੱਲੇ ਦਾ ਜ਼ਿਕਰ ਕਰਦੀ ਸੀ । ਰੇਸ਼ਮਾ ਦੇ ਰਿਕਾਰਡ ਹੋਏ ਗੀਤਾਂ ਦੇ ਤਵਿਆਂ ਤੇ ਗੀਤਕਾਰ ਵੱਜੋਂ ਮਨਜ਼ੂਰ ਹੁਸੈਨ ਝੱਲੇ ਦਾ ਨਾਮ ਵੀ ਦਰਜ ਹੈ । ਉਪਰੋਕਤ ਗੀਤਾਂ ਤੋਂ ਇਲਾਵਾ ਰੇਸ਼ਮਾ ਦੀ ਆਵਾਜ਼ ਵਿੱਚ ਮਨਜ਼ੂਰ ਹੁਸੈਨ ਝੱਲੇ ਦੇ ਹੋਰ ਵੀ ਬਹੁਤ ਗੀਤ ਰਿਕਾਰਡ ਹੋਏ ।ਹੁਣ ਗੱਲ ਕਰਦੇ ਹਾਂ ਝੱਲੇ ਦੀ ਫਿਲਮੀ ਗੀਤਕਾਰੀ ਦੀ । ਜਿਵੇਂ ਹਿੰਦੀ ਫ਼ਿਲਮਾਂ ਦਾ ਸਭ ਤੋਂ ਵੱਡਾ ਕੇਂਦਰ ਬੰਬਈ ਭਾਰਤ ਵਿੱਚ ਹੈ, ਇਸੇ ਤਰ੍ਹਾਂ ਉਸ ਵੇਲੇ ਪੰਜਾਬੀ ਫ਼ਿਲਮਾਂ ਦਾ ਸਭ ਤੋਂ ਵੱਡਾ ਕੇਂਦਰ ਲਾਹੌਰ ਸੀ । ਲਾਹੌਰ ਵਿਚ ਰਹਿੰਦਿਆਂ ਮਨਜ਼ੂਰ ਹੁਸੈਨ ਝੱਲੇ ਨੇ ਪੰਜਾਬੀ ਫ਼ਿਲਮਾਂ ਮਿੱਟੀ ਦਾ ਬਾਵਾ, ਹੱਡ ਹਰਾਮ, ਲਾਡੋ, ਯਾਰਾਂ ਨਾਲ ਬਹਾਰਾਂ, ਇਮਾਮਦੀਨ ਗੋਹਾਵੀਆ, ਦੋ ਮੁਟਿਆਰਾਂ, ਢੋਲ ਜਾਨੀ, ਪੱਥਰ ਤੇ ਲੀਕ, ਚੋਰ ਨਾਲੇ ਚਤੁਰ, ਦੇਸ਼ ਮੇਰਾ ਜੀਦਾਰਾਂ ਦਾ, ਇੱਕ ਪਿਆਰ ਤੇ ਦੋ ਪਰਛਾਂਵੇਂ, ਸਮੇਤ ਅਨੇਕਾਂ ਫ਼ਿਲਮਾਂ ਲਈ ਗੀਤ ਲਿਖੇ ਜਿਹਨਾਂ ਨੂੰ ਪਾਕਿਸਤਾਨ ਦੇ ਪਹਿਲੀ ਕਤਾਰ ਦੇ ਗਾਇਕਾਂ ਨੇ ਗਾਇਆ । ਜਿਹਨਾਂ ਵਿੱਚ ਸੁਰਈਆ ਹੈਦਰਾਬਾਦੀ, ਨਸੀਮ ਬੇਗਮ, ਆਇਰਨ ਪ੍ਰਵੀਨ, ਨੂਰ ਜਹਾਂ, ਮਾਸੂਦ ਰਾਣਾ, ਸਲੀਮ ਰਜਾ, ਮਾਲਾ, ਮਹਿੰਦੀ ਹਸਨ, ਰਜਬ ਅਲੀ, ਦੇ ਨਾਮ ਵਰਣਨ ਯੋਗ ਹਨ । ਝੱਲੇ ਦੇ ਚੋਣਵੇਂ ਪੰਜਾਬੀ ਫ਼ਿਲਮਾਂ ਵਿੱਚੋਂ ਕੁੱਝ ਕੁ ਗੀਤ ਗ੍ਰਾਮੋਫੋਨ ਰਿਕਾਰਡਾਂ ਦੇ ਹਵਾਲੇ ਨਾਲ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ ।

ਯਾਰਾਂ ਨਾਲ ਬਹਾਰਾਂ ਸੱਜਣਾ, ਯਾਰਾਂ ਨਾਲ ਬਹਾਰਾਂ
ਜਿਸ ਧਰਤੀ ਤੇ ਯਾਰ ਨਹੀਂ ਵਸਦੇ ਖਿੜਦੀਆਂ ਨਹੀਂ ਗੁਲਜ਼ਾਰਾਂ ਯਾਰਾਂ ਨਾਲ ਬਹਾਰਾਂ ਸੱਜਣਾਂ, ਯਾਰਾਂ ਨਾਲ ਬਹਾਰਾਂ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5094 ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ
ਗੀਤ - ਯਾਰਾਂ ਨਾਲ ਬਹਾਰਾਂ / ਗੀਤਕਾਰ - ਮਨਜ਼ੂਰ ਝੱਲਾ ਸੰਗੀਤਕਾਰ - ਰਹਿਮਾਨ ਵਰਮਾ / ਆਵਾਜ਼ - ਮਸੂਦ ਰਾਣਾ ਫਿਲਮ - ਯਾਰਾਂ ਨਾਲ ਬਹਾਰਾਂ 1967

ਲੱਗਦਾ ਨੀ ਪਤਾ ਇਹ ਜਹਾਨ ਕਿਹੜੇ ਰੰਗ ਦਾ
ਕਿਸੇ ਵੇਲੇ ਟੁੱਟ ਪੈਣਾ ਮਾਫੀ ਵੀ ਨੀ ਮੰਗਦਾ
ਲੱਗਦਾ ਨੀ ਪਤਾ ਇਹ ਜਹਾਨ ਕਿਹੜੇ ਰੰਗ ਦਾ
ਕੁੜੀਆਂ ਪੰਜਾਬ ਦੀਆਂ ਸਿਰਾਂ ਉੱਤੋਂ ਨੰਗੀਆਂ
ਮੁੰਡਿਆਂ ਦੇ ਹੱਥਾਂ ਵਿੱਚ ਦੇਖੀਆਂ ਨੇ ਕੰਘੀਆਂ
ਕੁੜੀ ਵੀ ਨੀ ਸੰਗਦੀ ਤੇ ਮੁੰਡਾ ਵੀ ਨੀ ਸੰਗਦਾ
ਲੱਗਦਾ ਨੀ ਪਤਾ ਇਹ ਜਹਾਨ ਕਿਹੜੇ ਰੰਗ ਦਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5094 ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਲੱਗਦਾ ਨੀ ਪਤਾ ਇਹ ਜਹਾਨ
ਗੀਤਕਾਰ - ਮਨਜ਼ੂਰ ਝੱਲਾ ਸੰਗੀਤਕਾਰ - ਰਹਿਮਾਨ ਵਰਮਾ ਆਵਾਜ਼ - ਮਾਸੂਦ ਰਾਣਾ ਫਿਲਮ - ਯਾਰਾਂ ਨਾਲ ਬਹਾਰਾਂ 1967

ਦਿਲ ਚੀਰ ਕਲੇਜਿਓਂ ਪਾਰ ਗਈਆਂ ਦੋ ਨੀਵੀਆਂ ਨਜ਼ਰਾਂ ਮਾਰ ਗਈਆਂ।
ਮਿਲ ਕੇ ਨੀਵੀਂਆਂ ਹੋਕੇ ਹੱਸੀਆਂ, ਸਾਡੇ ਤਨ ਮਨ ਦੇ ਵਿੱਚ ਵੱਸੀਆਂ।
ਸਾਨੂੰ ਡੋਬ ਗਈਆਂ ਕਿ ਤਾਰ ਗਈਆਂ, ਦੋ ਨੀਵੀਆਂ ਨਜ਼ਰਾਂ ਮਾਰ ਗਈਆਂ।
ਤੂੰ ਨਹੀਂ ਪੁੱਛਣਾ ਮੈਂ ਨਹੀਂ ਕਹਿਣਾ, ਤੂੰ ਹੱਸਣਾ ਮੈਂ ਚੁੱਪ ਚੁੱਪ ਰਹਿਣਾ
ਇੰਝ ਲੱਗਦਾ ਸੱਧਰਾਂ ਹਾਰ ਗਈਆਂ, ਦੋ ਨੀਵੀਆਂ ਨਜ਼ਰਾਂ ਮਾਰ ਗਈਆਂ
ਹਾੜਾ ਪਾਇਆ ਮੇਰੀਆਂ ਅੱਖੀਆਂ, ਖੌਰੇ ਦਿਲ ਦੀ ਆਖ ਨਹੀਂ ਸਕੀਆਂ
ਕੁੱਝ ਬਾਤਾਂ ਹੋਈਆਂ ਪਿਆਰ ਦੀਆਂ, ਦੋ ਨੀਵੀਆਂ ਨਜ਼ਰਾਂ ਮਾਰ ਗਈਆਂ

ਰਿਕਾਰਡ ਦਾ ਲੜੀ ਨੰਬਰ HMV - EKDC 5049 ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਦਿਲ ਚੀਰ ਕਲੇਜਿਓਂ
ਗੀਤਕਾਰ - ਮਨਜ਼ੂਰ ਝੱਲਾ / ਸੰਗੀਤਕਾਰ - , ਵਜ਼ੀਰ ਅਫ਼ਜ਼ਲ ਆਵਾਜ਼- ਮਾਸੂਦ ਰਾਣਾ / ਫਿਲਮ - ਦੋ ਮੁਟਿਆਰਾਂ 1968

ਵੇ ਲੱਗੀਆਂ ਦੀ ਲੱਜ ਰੱਖ ਲਈਂ ਕਿਤੇ ਭੁੱਲ ਨਾ ਜਾਈਂ ਅਨਜਾਣਾ
ਤੇਰੀ ਮੇਰੀ ਇੱਕ ਜਿੰਦੜੀ ਸਾਡੇ ਦਿਲ ਦਾ ਰੋਗ ਪੁਰਾਣਾ
ਇੱਕੋ ਪਿਆਰ ਤੇ ਦੋ ਪ੍ਰਛਾਵੇਂ, ਯਾਦ ਰੱਖੀਂ ਤੂੰ ਜਿਤ ਵੱਲ ਜਾਵੇਂ,
ਸ਼ਮ੍ਹਾ ਜਿਹੜਾ ਛੱਡ ਜਾਵੇ ਉਹਨੂੰ ਨਹੀਂ ਕਹਿੰਦੇ ਪ੍ਰਵਾਨਾ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5360
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਲੱਗੀਆਂ ਦੀ ਲੱਜ ਰੱਖ ਲਈਂ
ਗੀਤਕਾਰ - ਮਨਜ਼ੂਰ ਝੱਲਾ / ਸੰਗੀਤਕਾਰ - ਰਹਿਮਾਨ ਵਰਮਾ ਆਵਾਜ਼ - ਨੂਰਜਹਾਂ / ਫਿਲਮ - ਚੋਰ ਨਾਲੇ ਚਤੁਰ 1970

ਤਾਰਿਆਂ ਵਾਂਗੂੰ ਤ੍ਰੇਲ ਦੇ ਮੋਤੀ, ਇੱਕ ਇੱਕ ਕਰਕੇ ਡੁੱਲ ਗਏ।
ਸੂਰਜ ਤਾਰ ਹੁਸਨ ਦੀ ਬਖਸ਼ੀ, ਘੁੰਡ ਕਲੀਆਂ ਦੇ ਖੁੱਲ੍ਹ ਗਏ।
ਤੈਨੂੰ ਸੁੱਤਿਆ ਜਾਗ ਨਾ ਆਈ ਚਿੜੀਆਂ ਬੋਲ ਪਈਆਂ
ਇੱਜੜ ਲੈਕੇ ਤੁਰੇ ਅਯਾਲੀ, ਧਰਤੀ ਫੋਲਣ ਲੱਗ ਪਏ ਹਾਲੀ
ਗੱਭਰੂ ਕਰਨ ਕਮਾਈ ਚਿੜੀਆਂ ਬੋਲ ਪਈਆਂ
ਰਿੜਕਣ ਲੱਗੀਆਂ ਦੁੱਧ ਮੁਟਿਆਰਾਂ, ਚਰਖੇ ਚਲਦੇ ਪੈਣ ਘੂਕਾਰਾਂ
ਤ੍ਰਿੰਝਣਾਂ ਦੀ ਰੁੱਤ ਆਈ, ਚਿੜੀਆਂ ਬੋਲ ਪਈਆਂ

ਚਿੱਟੀਆਂ ਚਾਂਦੀ ਵਾਂਗ ਝਲਾਰਾਂ, ਦਿਨ ਚੜ੍ਹਿਆ ਤੇ ਉੱਡੀਆਂ ਡਾਰਾਂ,
ਜਾਗੀ ਕੁੱਲ ਖੁਦਾਈ, ਚਿੜੀਆਂ ਬੋਲ ਪਈਆਂ ਤੈਨੂੰ ਸੁੱਤਿਆ ਜਾਗ ਨਾ ਆਈ

ਰਿਕਾਰਡ ਦਾ ਲੜੀ ਨੰਬਰ HMV - EKDC 5003 ਕੰਪਨੀ - ਈ ਐਮ ਆਈ ਕਰਾਚੀ ਪਾਕਿਸਤਾਨ ਗੀਤ - ਤਾਰਿਆਂ ਵਾਂਗੂੰ
ਗੀਤਕਾਰ - ਮਨਜ਼ੂਰ ਝੱਲਾ / ਸੰਗੀਤਕਾਰ - ਅਖ਼ਤਰ ਹੁਸੈਨ ਆਵਾਜ਼ - ਇਨਾਇਤ ਹੁਸੈਨ ਭੱਟੀ / ਫਿਲਮ - ਹੱਡ ਹਰਾਮ 1965




ਹੰਝੂ ਨਜ਼ਰਾਨੇ ਤੇਰੇ, ਅੱਖੀਆਂ ਨੇ ਮੇਰੀਆਂ,
ਦਿਸਦਾ ਨਾ ਤਾਰਾ ਕੋਈ, ਰਾਤਾਂ ਨੇ ਹਨੇਰੀਆਂ
ਕਿਸੇ ਤੇ ਯਕੀਨ ਕਰਾਂ, ਮੰਨਦਾ ਨਹੀਂ ਜੀਅ ਵੇ ।
ਨਾਲੇ ਇਲਜ਼ਾਮ ਦੇਵਾਂ ਤੇਰੇ ਜਿੰਮੇ ਕੀ ਵੇ।
ਸੜਦੇ ਨੇ ਵੈਰੀ ਗੱਲਾਂ ਕਰਦੇ ਨੇ ਤੇਰੀਆਂ ਹੰਝੂ ਨਜ਼ਰਾਨੇ ਤੇਰੇ, ਅੱਖੀਆਂ ਨੇ ਮੇਰੀਆਂ
ਕਿਤੇ ਚਿੱਤ ਚੇਤਾ ਨਹੀਂ ਸੀ, ਇਹ ਵੀ ਦਿਨ ਆਉਣਗੇ ।
ਆਪਣੇ ਪਰਾਏ ਮੈਥੋਂ ਅੱਖੀਆਂ ਚੁਰਾਉਣਗੇ।
ਰੁੱਸ ਗਏ ਨਸੀਬ ਮੇਰੇ, ਲੋਕਾਂ ਅੱਖਾਂ ਫੇਰੀਆਂ
ਹੰਝੂ ਨਜ਼ਰਾਨੇ ਤੇਰੇ, ਅੱਖੀਆਂ ਨੇ ਮੇਰੀਆਂ

ਰਿਕਾਰਡ ਦਾ ਲੜੀ ਨੰਬਰ HMV- EKDC 5049 ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਹੰਝੂ ਨਜ਼ਰਾਨੇ ਤੇਰੇ
ਗੀਤਕਾਰ - ਮਨਜ਼ੂਰ ਝੱਲਾ / ਸੰਗੀਤਕਾਰ - ਅਖ਼ਤਰ ਹੁਸੈਨ ਆਵਾਜ਼ - ਸੁਰਈਆ ਬੇਗਮ / ਫਿਲਮ - ਹੱਡ ਹਰਾਮ 1965

ਛਮ ਛਮ ਰੋਂਦੇ ਨੈਣ ਵਿਚਾਰੇ, ਮੇਰਿਆਂ ਨਸੀਬਾਂ ਉੱਤੇ ਹੱਸਦੇ ਨੇ ਸਾਰੇ
ਚੰਨ ਦਿਆਂ ਚਾਵਾਂ ਪਿੱਛੇ ਹਨੇਰ ਸੀਨੇ ਲਾ ਲਿਆ
ਪਲ ਦੇ ਭੁਲੇਖੇ ਮੈਨੂੰ ਗੁੰਝਲਾਂ 'ਚ ਪਾ ਲਿਆ
ਸੋਹਲ ਜਵਾਨੀ ਮੇਰੀ ਦੁੱਖੜੇ ਨੇ ਭਾਰੇ
ਦੁੱਖਾਂ ਦਿਆਂ ਮਾਰਿਆਂ ਨੂੰ ਕਦੋਂ ਪ੍ਰਚਾਵੇਂਗਾ
ਹੁਣ ਨਾ ਤੂੰ ਆਇਓਂ ਬੀਬਾ ਕਿਹੜੇ ਵੇਲੇ ਆਵੇਂਗਾ
ਟੁੱਟ ਗਏ ਨੇ ਮੇਰੇ ਸੱਭੇ ਮਾਣ ਸਹਾਰੇ
ਤੇਰੀਆਂ ਜੁਦਾਈਆਂ ਵਾਲੀ ਅੱਗ ਸੀਨੇ ਬਲਦੀ
ਰੁੱਲ ਗਈਆਂ ਮੈਨੂੰ ਮੌਤ ਵੀ ਨਹੀਂ ਝੱਲਦੀ
ਡੋਲਦੀ ਏ ਬੇੜੀ ਮੇਰੀ ਡੁੱਬ ਗਏ ਕਿਨਾਰੇ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ - 7KCC 5613
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਛਮ ਛਮ ਰੋਂਦੇ ਨੈਣ ਵਿਚਾਰੇ
ਗੀਤਕਾਰ - ਮਨਜ਼ੂਰ ਝੱਲਾ / ਸੰਗੀਤਕਾਰ - ਤੁਫੈਲ ਫਾਰੂਕੀ ਆਵਾਜ਼- ਨੂਰਜਹਾਂ / ਫਿਲਮ - ਜੋਰ ਜਵਾਨਾਂ ਦਾ 1971

ਮੈਂ ਛਣਕਾਈਆਂ ਵੰਗਾਂ,
ਸਿਖਰ ਦੁਪਹਿਰੇ ਪਿਪਲੀ ਦੇ ਥੱਲੇ ਮੈਂ ਛਣਕਾਈਆਂ ਵੰਗਾਂ
ਮਾਹੀ ਜਦੋਂ ਜੱਚਦਾ ਏ, ਅੰਗ ਅੰਗ ਨੱਚਦਾ ਏ ਚੜ੍ਹ ਗਏ ਜਵਾਨੀਆਂ ਨੂੰ ਚਾਅ
ਪਿਆਰ ਜਦੋਂ ਮੱਚਦਾ ਏ, ਫੇਰ ਕਿਹੜਾ ਬੱਚਦਾ ਏ ਇੱਕ ਵਾਰੀ ਸਾਹਮਣੇ ਤੇ ਆ
ਹੋਕਾ ਦੇ ਦੇ ਤੱਕਣੀਆਂ ਮੋੜਾਂ ਵੱਲੇ, ਵਾਜ ਮਾਰਾਂ ਤੇ ਸੰਗਾਂ
ਸਿਖਰ ਦੁਪਹਿਰੇ ਪਿਪਲੀ ਦੇ ਥੱਲੇ ਮੈਂ ਛਣਕਾਈਆਂ ਵੰਗਾਂ

ਆਜਾ ਢੋਲਾ ਸੱਜ ਕੇ, ਮੈਂ ਵੇਖ ਲਵਾਂ ਰੱਜ ਕੇ, ਲਵਾਂ ਤੈਨੂੰ ਜੱਗ ਤੋਂ ਲੁਕਾਅ।
ਆਜਾ ਕਿਸੇ ਪੱਜ, ਰੱਖਾਂ ਪਲਕਾਂ 'ਚ ਕੱਜ ਕੇ ਤੱਤੀ ਤੈਨੂੰ ਲੱਗੇ ਨਾ ਹਵਾ।
ਚੁੱਕ ਚੁੱਕ ਹੱਥ ਅਰਸ਼ਾਂ ਦੇ ਵੱਲੇ, ਤੇਰੀਆਂ ਖੈਰਾਂ ਮੰਗਾਂ।
ਸਿਖਰ ਦੁਪਹਿਰੇ ਪਿਪਲੀ ਦੇ ਥੱਲੇ ਮੈਂ ਛਣਕਾਈਆਂ ਵੰਗਾਂ

ਅੱਖੀਆਂ ਉਡੀਕਦੀਆਂ, ਦਿਲ ਹਾਈਂ ਮਾਰਦਾ ਗੱਲ ਸੁਣ ਮੇਰੇ ਬੇਲੀਆ
ਆਜਾ ਮੇਰੇ ਹਾਣੀਆਂ, ਵਾਸਤਾ ਈ ਪਿਆਰ ਦਾ ਤੇਰੀ ਆਂ ਮੈਂ ਤੇਰੀ ਬੇਲੀਆ
ਦਿਸ ਪਿਆ ਮਾਹੀ ਪ੍ਰਛਾਵੇਂ ਥੱਲੇ, ਉੱਡ ਨੀ ਆਂ ਵਾਂਗ ਪਤੰਗਾਂ
ਸਿਖਰ ਦੁਪਹਿਰੇ ਪਿਪਲੀ ਦੇ ਥੱਲੇ ਮੈਂ ਛਣਕਾਈਆਂ ਵੰਗਾਂ

ਰਿਕਾਰਡ ਦਾ ਲੜੀ ਨੰਬਰ ਏਂਜਲਜ਼ - 7KDC 5043
ਕੰਪਨੀ - ਈ.ਐਮ.ਆਈ. ਕਰਾਚੀ ਪਾਕਿਸਤਾਨ ਗੀਤ - ਮੈਂ ਛਣਕਾਈਆਂ ਵੰਗਾਂ
ਗੀਤਕਾਰ - ਮਨਜ਼ੂਰ ਝੱਲਾ, ਸੰਗੀਤਕਾਰ - ਮਾਸਟਰ ਅਬਦੁੱਲਾ ਆਵਾਜ਼-ਨੂਰਜਹਾਂ / ਫਿਲਮ - ਲਾਡੋ 1966

ਇਹ ਤਾਂ ਮਨਜ਼ੂਰ ਹੁਸੈਨ ਝੱਲੇ ਦੇ ਲਿਖੇ ਕੁੱਝ ਕੁ ਗੀਤਾਂ ਦੇ ਨਮੂਨੇ ਮੈਂ ਤੁਹਾਡੇ ਨਾਲ ਸਾਂਝੇ ਕੀਤੇ ਹਨ ਤਾਂ ਜੋ ਪੰਜਾਬੀ ਦੇ ਇਸ ਗੁਆਚੇ ਹੋਏ ਲਾਲ ਬਾਰੇ ਚੜ੍ਹਦੇ ਪੰਜਾਬ ਦੇ ਸ੍ਰੋਤਿਆਂ ਨੂੰ ਪਤਾ ਲੱਗ ਸਕੇ ਕਿ ਜੋ ਗੀਤ ਹੁਣ ਤੱਕ ਵਾਹਗੇ ਦੀ ਲਕੀਰ ਟੱਪ ਕੇ ਸਾਡੇ ਤੱਕ ਪੁੱਜਦੇ ਰਹੇ ਉਹਨਾਂ ਚੋਂ ਕਿੰਨਿਆਂ ਕੁ ਗੀਤਾਂ ਦਾ ਜਨਮ ਦਾਤਾ ਇਹ ਜੰਡਿਆਲੇ ਵਾਲਾ ਝੱਲਾ ਸੀ । ਝੱਲਾ ਸੰਪੂਰਨ ਕਲਾਕਾਰ ਸੀ । ਮੋਹ ਮਾਇਆ ਤੋਂ ਦੂਰ ਫਕੀਰ ਬਿਰਤੀ ਦਾ ਮਾਲਕ । ਫਾਕੇ, ਥੁੜਾਂ ਤੇ ਗਰੀਬੀ ਨਾਲ ਝੱਲਾ ਨੇ ਸਾਰੀ ਉਮਰ ਦਸਤਪੰਜਾ ਲੈਕੇ ਵੀ ਪੰਜਾਬੀ ਦੇ ਐਸੇ ਗੀਤ ਉਲੀਕੇ ਜੋ ਲੋਕ-ਗੀਤਾਂ ਵਾਂਗੂੰ ਲੋਕਾਂ ਦੇ ਦਿਲਾਂ ਵਿੱਚ ਵਸ ਗਏ । 25 ਜਨਵਰੀ 1973 ਨੂੰ ਮਨਜ਼ੂਰ ਹੁਸੈਨ ਨੂੰ ਦਿਲ ਦਾ ਐਸਾ ਦੌਰਾ ਪਿਆ ਕਿ ਮੁੜ ਉੱਠਿਆ ਨਹੀਂ ਗਿਆ । ਪੰਜਾਬੀ ਗੀਤਾਂ ਦੇ ਇੱਕ ਸੁਨਹਿਰੀ ਦੌਰ ਦਾ ਅੰਤ ਹੋ ਗਿਆ 26 ਜਨਵਰੀ 1973 ਮਨਜ਼ੂਰ ਹੁਸੈਨ ਝੱਲੇ ਦੀ ਦੇਹ ਨੂੰ ਲਾਹੌਰ ਦੇ ਕਬਰਸਤਾਨ ਵਿਚ ਦਫਨਾ ਦਿੱਤਾ ਗਿਆ ।

ਹੁਣ ਸੁਆਲ ਉੱਠਦਾ ਹੈ ਕਿ ਮਨਜ਼ੂਰ ਹੁਸੈਨ ਝੱਲੇ ਦੇ ਗੀਤ ਆਲਮ ਲੁਹਾਰ ਨੇ ਆਪਣੇ ਨਾਮ ਥੱਲੇ ਕਿਉਂ ਰਿਕਾਰਡ ਕਰਵਾਏ ? ਸਿੱਧਾ ਤੇ ਸਪੱਸ਼ਟ ਐ ਕਿ ਜਦੋਂ ਝੱਲੇ ਦੇ ਐਨੇ ਗੀਤ ਆਲਮ ਲੁਹਾਰ ਨੇ ਝੱਲੇ ਦੇ ਹੀ ਨਾਮ ਤੇ ਰਿਕਾਰਡ ਕਰਵਾਏ । ਜਿਹਨਾਂ ਗੀਤਾਂ ਦੇ ਵਿੱਚ ਵੀ ਝੱਲੇ ਦਾ ਨਾਮ ਤੇ ਰਿਕਾਰਡ ਤੇ ਗੀਤਕਾਰ ਵੱਜੋਂ ਝੱਲਾ ਹੀ ਲਿਖਿਆ ਹੋਇਆ ਹੈ । ਤਾਂ ਇਹ ਦੋ ਤਿੰਨ ਗੀਤਾਂ ਵਿੱਚ ਆਲਮ ਲੁਹਾਰ ਨੇ ਆਪਣਾ ਨਾਮ ਕਿਉਂ ਪਾਇਆ ? ਅਸਲ ਵਿੱਚ ਆਲਮ ਤੇ ਝੱਲੇ ਦਾ ਪੁਰਾਣਾ ਯਾਰਾਨਾ ਸੀ, ਦੋਵਾਂ ਨੇ ਥੀਏਟਰ ਤੋਂ ਆਪਣੀ ਕਲਾ ਦਾ ਆਗਾਜ਼ ਕੀਤਾ । ਹੋ ਸਕਦੈ ਝੱਲੇ ਦੀ ਇਜਾਜ਼ਤ ਨਾਲ ਹੀ ਆਲਮ ਨੇ ਇਹਨਾਂ ਗੀਤਾਂ ਵਿੱਚ ਆਪਣਾ ਨਾਮ ਪਾ ਲਿਆ ਹੋਵੇ । ਸੱਚਾਈ ਜੋ ਮਰਜ਼ੀ ਹੋਵੇ ਪਰ ਗੀਤ ਗੀਤਕਾਰ ਦਾ ਹੀ ਹੁੰਦਾ ਹੈ । ਗੀਤਕਾਰ ਹਮੇਸ਼ਾ ਮਹਿਲਾਂ ਦੀਆਂ ਦੀਵਾਰਾਂ ਹੇਠਲੀ ਨੀਂਹ ਦੀ ਪਹਿਲੀ ਇੱਟ ਬਣਕੇ ਹੀ ਲੁਕੇ ਰਹੇ ।

## facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਪੱਖੋ ਆਲ਼ੇ ਮੱਲ ਦੀ ਦਿਲਲਗੀ




ਜਾਂਦੇ ਨੇ , " ਬਾਈ ! ਕੀ ਗੱਲ ਤੁਰਿਆ ਜਾਨਾ ਐ , ਛੱਡ ਕੇ ਆਵਾਂ " । ਖੈਰ ! ਇਹ ਇੱਕ ਪਿਆਰ ਦਾ ਸੁਨੇਹ ਹੈ ਜੋ ਕਰਮਾਂ ਨਾਲ ਹੀ ਹਿੱਸੇ ਆਉਂਦਾ ਨਹੀਂ ਅੱਜ ਕੱਲ੍ਹ ਤਾਂ ਮੂੰਹ ਪਰ੍ਹਾਂ ਕਰਕੇ ਲੰਘਣ ਵਾਲਾ ਜਮਾਨਾ ਸੁਣੀਦਾ ਹੈ । ਪਰ ਜੇਕਰ ਸਾਈਕਲ ਤੇ ਜਾਈਏ ਤਾਂ ਕੁੱਝ ਟਿੱਚਰਾਂ ਵਾਲੇ ਵੀ ਮਿਲ ਜਾਂਦੇ ਨੇ , " ਲੈ ਦੱਸ ! ਐਨਾ ਸੂਮ ਹੋ ਚੱਲਿਆ , ਤੇਲ ਦੀ ਬੱਚਤ ਕਰਨ ਲੱਗ ਪਿਆ "। ਪਰ ਹਰ ਗੱਲ ਪੈਸੇ ਦੀ ਤੱਕੜੀ ਚ ਤੋਲਣ ਵਾਲਿਆਂ ਲਈ ਪੈਦਲ ਜਾ ਸਾਈਕਲ ਤੇ ਚੱਲਣ ਦੀ ਅਮੀਰੀ ਦੀ ਕੀ ਸਾਰ ਹੈ ।

ਚਲਦੀ ਚਾਲ ਵਿੱਚ ਇੱਕ ਗੱਲ ਹੋਰ ਯਾਦ ਆਈ । ਫੇਸਬੁੱਕ ਤੇ ਇੱਕ ਮਜਾਹੀਆ ਲਿਖਤ ਪੜ੍ਹੀ ਸੀ । ਅਖੇ ਜੇਕਰ ਕੋਈ ਲਾਲਾ ਨੈਣਾ ਦੇਵੀ ਕਿਰਾਏ ਦੀ ਗੱਡੀ ਚ ਜਾਂਦਾ ਤੇ ਉਹ ਸੁੱਖ ਸੁੱਖਦਾ ਕਿ ਅਗਲੇ ਸਾਲ ਆਪਣੀ ਗੱਡੀ ਤੇ ਆਵਾਂ ਪਰ ਸਾਡੇ ਆਲਾ ਲਾਣਾ ਜਾਊ ਸਾਈਕਲ ਤੇ ਅਤੇ ਸੁੱਖ ਸੁੱਖੂ ਕਿ ਅਗਲੇ ਸਾਲ ਮੈਂ ਪੈਦਲ ਆਵਾਂ ।

ਸਿਆਲ ਚ ਖੇਤੀ ਦਾ ਕੰਮ ਕਾਰ ਘੱਟ ਹੋਣ ਕਰਕੇ ਖੇਤ ਪੈਦਲ ਜਾਂ ਸਾਇਕਲ ਤੇ ਇੱਕ ਗੇੜਾ ਲਾਉਣਾ ਨਿੱਤ ਦਾ ਕਰਮ ਹੈ । ਖੇਤ ਘਰ ਤੋਂ ਨੇੜੇ ਹੀ ਹੈ ਪਰ ਖੇਤ ਵਿੱਚ ਅਤੇ ਉੱਪਰ ਦੀ ਗੇੜਾ ਕੱਢਦਿਆਂ ਸਮੇਤ ਰਸਤੇ ਆਉਣ ਜਾਣ ਪੰਜ ਕੁ ਕਿਲੋਮੀਟਰ ਹੋ ਜਾਂਦਾ ਹੈ । ਇਹ ਵੀ ਇੱਕ ਵੈਲ ਵਾਂਗ ਹੈ , ਜਿਸ ਦਿਨ ਨਾ ਜਾਈਏ ਤਾਂ ਔੜ੍ਹਕਾ ਜਾ ਆਈ ਜਾਂਦਾ ਹੈ , ਫਿਰ ਘਰ ਹੀ ਕਹੀ ਫੜ ਕੇ ਕੋਈ ਰੇਤੇ ਮਿੱਟੀ ਦੀ ਢੇਰੀ ਐਧਰ ਔਧਰ ਕਰ ਲਈਦੀ ਹੈ ।

ਇੱਕ ਥਾਂ ਪੜ੍ਹਿਆ ਸੀ ਕਿ ਦਿਲ ਮਨੁੱਖ ਨੂੰ ਕਹਿੰਦਾ ਕਿ " ਤੂੰ ਮੇਰੇ ਲਈ ਰੋਜ਼ਾਨਾ ਪੰਜ ਕਿਲੋਮੀਟਰ ਤੁਰ ਮੈਂ ਤੇਰੇ ਲਈ ਸਾਰੀ ਜਿੰਦਗੀ ਧੜਕਾਂਗਾ " , ਫਿਰ ਆਪਾਂ ਵੀ ਗੱਲ ਲੜ ਬੰਨ੍ਹ ਲਈ । ਆਖਰ ਦਿਲ ਦਾ ਮਾਮਲਾ ਹੈ , ਕੁੱਝ ਤੇ ਕਰੋ ਸੱਜਣ ।

ਖੇਤ ਨੂੰ ਤੁਰੇ ਜਾਂਦੇ ਕੁੱਝ ਕੁ ਰਸਤਾ ਸੜਕ ਦਾ ਵੀ ਹੈ , ਉੱਥੇ ਦੋ ਚਾਰ ਜਰੂਰ ਮੋਟਰਸਾਈਕਲ ਜਾਂ ਸਕੂਟਰੀ ਵਾਲੇ ਟੱਕਰ

ਬੇਸ਼ੱਕ ਕੁੱਝ ਲੋਕਾਂ ਲਈ ਇਹ ਮਜਾਕ ਹੈ ਪਰ ਜੇ ਸੋਚੀਏ ਤੇ ਸਮਝੀਏ ! ਪੈਦਲ ਵਾਲੇ ਨੇ ਜੋ ਸੁੱਖ ਮੰਗੀ ਐ , ਉਹ ਗੱਡੀ ਵਾਲੇ ਤੋਂ ਕਿਤੇ ਵੱਡੀ ਹੈ , ਇਸ ਤੋਂ ਵੱਡੀ ਮੁਰਾਦ ਸ਼ਾਇਦ ਦੁਨੀਆਂ 'ਤੇ ਹੋਰ ਕੋਈ ਨਹੀਂ ।


ਆਪਾਂ ਵੀ ਪਰਮਾਤਮਾ ਤੋਂ ਇਹੀ ਮੰਗੀਦਾ ਕਿ ਚਾਹੇ ਬਹੁਤੀ ਮਹਿੰਗੀ ਗੱਡੀ ਚੜ੍ਹਣ ਲਈ ਨਾ ਦੇਵੀਂ ਪਰ ਅਖ਼ੀਰ ਤੱਕ ਤੁਰਨ ਫਿਰਨ ਜੋਗਾ ਸਰੀਰ ਜਰੂਰ ਦੇਵੀਂ ।

(ਸੌਣ ਮਹੀਨੇ ਗਰੀਬ ਦੀ ਦੀ ਕੰਧ ਉਪਰੋਂ ਆਪਣੇ ਹੀ ਜ਼ੋਰ ਡਿੱਗੇ ਲਿਉੜ ਵਾਂਗ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਮੁਖਤਿਆਰ ਪੱਖੋ ਦੀ ਬਿਜਲਈ ਕੰਧ ਉਪਰੋਂ )

# ਉਹ ਵੇਲਾ ਯਾਦ ਕਰ



ਡਾ. ਬਲਵਿੰਦਰ ਕੌਰ ਬਰਾੜ
403 590 9629



## ਜਵਾਨ ਪੀੜ੍ਹੀ ਵਿਆਹ ਨੂੰ ਫ਼ਜ਼ੂਲ ਦਾ ਝੰਜਟ ਜਾਣਦੀ ਹੈ।

*ਲੈਂਦਾ ਸੀ ਤਿੰਨ ਪੀੜ੍ਹੀਆਂ ਇਕੋ ਵਿਹੜੇ ਪਾਲ਼*
*ਹੁਣ ਤਾਂ ਕੱਲਾ ਪੁੱਤ ਵੀ ਰਹੇ ਨਾ ਬਾਪੂ ਨਾਲ਼।*
*- ਪ੍ਰੋ. ਮੋਹਨ ਸਿੰਘ*

ਪੰਜਾਬ ਦਾ ਅਰਥਚਾਰਾ ਖੇਤੀ ਅਧਾਰਿਤ ਹੋਣ ਕਰ ਕੇ ਕਈ ਬਾਂਹਾਂ ਦੀ ਗ਼ਰਜ਼ ਰਹੀ ਹੈ। ਇਸੇ ਕਰ ਕੇ ਸਾਨੂੰ ਸੰਯੁਕਤ ਪਰਿਵਾਰ ਪੂਰੀ ਤਰ੍ਹਾਂ ਰਾਸ ਰਿਹਾ ਹੈ। ਸਾਡੇ ਇਸ ਪਰਿਵਾਰਿਕ ਢਾਂਚੇ ਵਿੱਚ ਮਾਪੇ, ਦਾਦਾ ਦਾਦੀ, ਚਾਚੇ ਤਾਏ, ਭੂਆ-ਭਤੀਜੇ ਸਭ ਇਕੋ ਵਿਹੜੇ ਨਿਭਦੇ ਰਹੇ ਹਨ। ਸਾਡੀ ਇਹ ਸਾਂਝ ਲੰਮਾਂ ਅਰਸਾ ਢਾਰਸ ਬਣੀ ਰਹੀ ਹੈ। ਉਸ ਸਮੇਂ ਪਰਿਵਾਰ ਦੇ ਸਾਰੇ ਜੀਆਂ ਨੂੰ ਸਭ ਦਾ ਸਭ ਕੁੱਝ ਪਤਾ ਹੁੰਦਾ ਸੀ। ਦੁਖਾਂ, ਸੁੱਖਾਂ, ਹਾਸਿਆਂ, ਹਉਕਿਆਂ ਅਤੇ ਕਿਸੇ ਵੀ ਹੋਣੀ ਦਾ ਸਾਹਮਣਾ ਪੂਰਾ ਟੱਬਰ ਰਲ਼ ਕੇ ਕਰਦਾ ਰਿਹਾ ਹੈ। ਅਜਿਹੀ ਸਾਂਝ ਸਮੇਂ ਇਕੱਲਤਾ, ਡਿਪ੍ਰੈਸ਼ਨ ਜਾਂ ਆਤਮਹੱਤਿਆ ਜਿਹੇ ਸ਼ਬਦ ਤਕਰੀਬਨ ਬੇ-ਅਰਥ ਹੀ ਕਹੇ ਜਾ ਸਕਦੇ ਹਨ। ਇਸ ਲਈ ਕਿਹਾ ਜਾਂਦਾ ਸੀ, 'ਕੱਲੀ ਹੋਵੇ ਨਾ ਵਣਾਂ ਦੇ ਵਿੱਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦੇ'। ਇਹ ਢਾਂਚਾ ਜਿੰਨਾਂ ਸਾਨੂੰ ਰਾਸ ਆਇਆ ਸੀ, ਉਤਨਾ ਹੀ ਇਸ ਦੀ ਬਿਖਰਦੀ ਹਰ ਇਕਾਈ ਨੇ ਸਾਨੂੰ ਝੰਬ ਸੁੱਟਿਆ ਹੈ। ਉਸ ਸਮੇਂ ਅਸੀਂ 'ਰੱਖ ਗ਼ਰੀਬੀ ਵੇਸ' ਵਿੱਚ ਵੀ ਤ੍ਰਿਪਤ ਰਹੇ ਹਾਂ। ਏਕੇ ਵਾਲ਼ੀ ਬਰਕਤ ਵਿਸਰ ਗਏ ਹਾਂ। ਸਾਂਝਾਂ ਦੇ ਇਸ ਯੁਗ ਵਿੱਚ ਪਲਰਦਾ ਬਚਪਨ ਕਿਸੇ ਦੀ ਘੂਰੀ, ਕਿਸੇ ਦਾ ਲਾਡ, ਕਿਸੇ ਦਾ ਥਾਪੜਾ ਤੇ ਕਿਸੇ ਦੀ ਝਿੜਕ ਨਾਲ਼ ਤਰਾਸ਼ਿਆ ਉਸਰਦਾ ਰਿਹਾ ਹੈ। ਜਿੰਨਾਂ ਵੱਡਾ ਟੱਬਰ, ਉਨੀਆਂ ਹੀ ਰੰਗ-ਬਰੰਗੀਆਂ ਭਾਵਨਾਵਾਂ ਸਭ ਦਾ ਸਿਰ ਪਲੋਸਦੀਆਂ ਹਨ। ਇਕੱਲੇ ਇਕਹਿਰੇ ਪਰਿਵਾਰ ਵਿੱਚ ਪਲ਼ੇ ਬੱਚੇ ਦੀਆਂ ਪੱਛੀਆਂ ਭਾਵਨਾਵਾਂ ਵੱਖਰਾ ਹੀ ਬਚਪਨ ਹੰਢਾ ਰਹੀਆਂ ਹਨ। ਇਸ ਸਾਂਝ ਵਿੱਚ ਸਭ ਤੱਤਾ-ਠੰਢਾ ਸਮੋਣਾ ਸਿਖਦੇ ਹਨ। ਪਰ ਜੇ ਸਭ ਦੀ ਆਪੋ ਧਾਪੀ ਅਤੇ ਸਵਾਰਥੀ ਜਾਂ ਅਪਹੁਦਰੀ ਰੁਚੀ ਨਾਲ਼ ਅੰਦਰ ਗੱਠਾਂ ਪੈ ਜਾਣ ਤਾਂ ਸਾਹ ਲੈਣਾ ਵੀ ਦੁੱਭਰ ਹੋ ਜਾਂਦਾ ਹੈ। ਇਸ ਅਣਤੋਲੇ ਮੋਹ ਦਾ ਕੋਈ ਲੇਖਾ ਜੋਖਾ ਨਾ ਹੋਣ ਕਰ ਕੇ ਉਲਾਰ ਹੋ ਜਾਣਾ ਸੁਭਾਵਿਕ ਹੈ। ਅੱਜ ਦੇ ਨਿੱਜੀ ਲਾਹਾ, ਕਬਜ਼ਾ ਅਤੇ ਲਾਲਚੀ ਬਿਰਤੀ ਵਾਲ਼ੇ ਇਸ ਸਾਂਝ ਵਿੱਚ ਇਕ ਦਿਨ ਵੀ ਨਹੀਂ ਕੱਢ ਸਕਦੇ। ਅਸੀਂ ਆਪਣੇ ਦੁਆਲ਼ੇ ਤਿੜਕੇ ਪਰਿਵਾਰਾਂ ਨੂੰ ਵੇਖ ਸਕਦੇ ਹਾਂ ਜੋ ਇਸ ਤਰ੍ਹਾਂ ਬਿਨਾ ਜਤਲਾਏ ਅੰਦਰ ਤਕ ਭਿੱਜੇ ਮੋਹ ਦੀਆਂ ਛੱਲਾਂ ਨੂੰ ਨਹੀਂ ਗੌਲ਼ਦੇ, ਉਹ ਇਕੱਲਤਾ ਸਮੇਂ ਇਸ ਦੇ ਕਿਆਸ ਤਕ ਵੀ ਨਹੀਂ ਅਪੜ ਸਕਦੇ। ਇਹ ਮੋਹ ਮਿਲ ਜਾਵੇ ਤਾਂ ਮਿੱਟੀ ਵਰਗਾ, ਖੋ ਜਾਵੇ ਤਾਂ ਸੋਨਾ ਲਗਦੈ। ਇਸ ਸਾਂਝ ਨੇ 'ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਲਈ ਪਿਆਰ' ਵੱਖਰਾ ਹੀ ਸੰਸਾਰ ਸਿਰਜਿਆ ਹੈ। ਪਰ ਹੁਣ ਜਦੋਂ ਮਿਹਨਤ, ਕੁਰਬਾਨੀ, ਹੱਕ, ਜ਼ਿੰਮੇਵਾਰੀ ਅਤੇ ਦੌਲਤ ਦੇ ਰੰਗ ਜਾਂ ਅਰਥ ਹੀ ਬਦਲ ਗਏ ਹਨ। ਸਭ ਨੇ ਆਪਣੀ ਹੋਂਦ ਵੱਖਰੀ ਕਰ ਕੇ ਰਾਖਵੀਂ ਪਾਲ਼ ਰੱਖੀ ਹੈ। ਪਰਿਵਾਰਿਕ ਢਾਂਚਾ ਖੇਰੂ ਖੇਰੂੰ ਹੋ ਕੇ ਬਿਖਰ ਗਿਆ ਹੈ। ਮੈਂ ਇਕ ਅਲੂੰਆਂ ਜਿਹਾ ਛੋਕਰਾ ਸਾਈਕਲ ਦੀ ਟੱਕਰ ਮਾਰ ਕੇ ਆਪ ਹੀ ਚਿੱਟੀ ਦਾੜ੍ਹੀ ਵਾਲ਼ੇ ਬਾਬੇ ਨੂੰ ਹੱਥ ਪਾਉਂਦਾ ਦੇਖਿਆ ਹੈ। ਵੱਡੇ ਛੋਟੇ ਦੀ ਵਿੱਥ ਮੇਟ ਕੇ ਇਹ ਵੱਖਰੀ ਪਲ਼ੀ ਹੋਂਦ ਕਿੱਥੋਂ ਸਕੂਨ ਭਾਲ਼ਦੀ ਹੈ। ਪਹਿਲਾਂ ਇਹ ਪਰਿਵਾਰ ਪਤੀ ਪਤਨੀ ਤੇ ਬੱਚਿਆਂ ਨਾਲ਼ ਅੱਡ ਹੋਇਆ, ਫੇਰ ਆਪੋ ਵਿੱਚ ਵੀ ਬਿਖਰ ਕੇ ਇਕੱਲੀ ਮਾਂ ਜਾਂ ਇਕੱਲਾ ਪਿਤਾ ਵੀ ਬੱਚਿਆਂ ਨੂੰ ਵਸਤ ਵਾਂਗ ਲੈ ਕੇ ਵੱਖ ਹੋ ਗਏ। ਬੱਚਿਆਂ ਦਾ ਹੋਣਾ ਹੁਣ ਦੰਪਤੀ ਜੀਵਨ ਵਿੱਚ ਮਾਣ ਵਾਲ਼ੀ ਗੱਲ ਨਹੀਂ ਰਿਹਾ, ਸਗੋਂ ਇਹ ਜ਼ਿੰਮੇਵਾਰੀ ਦਾ ਖੂਹ ਨਜ਼ਰ ਆ ਰਿਹਾ ਹੈ। ਵਿਆਹ ਸੰਸਥਾ ਆਪਣਾ ਰੂਪ ਬਿਖੇਰ ਰਹੀ ਹੈ ਤੇ ਆਪਣੇ ਅਰਥ ਗੁਆਉਂਦੀ ਨਜ਼ਰ ਆ ਰਹੀ ਹੈ। ਇਸ ਬਣਤਰ ਦੀਆਂ ਧੱਜੀਆਂ ਔਰਤ ਮਰਦ ਦੋਹਾਂ ਨੇ ਹੀ ਉਡਾਈਆਂ ਹਨ। ਸਾਂਝਾਂ ਦੇ ਬਖੀਏ ਉਧੇੜ ਧਰੇ ਹਨ। ਜਵਾਨ ਪੀੜ੍ਹੀ ਡਿਗਰੀਆਂ, ਰੁਤਬੇ, ਰੁਜ਼ਗਾਰ ਜਾਂ ਬੈਂਕ ਬੈਲੈਂਸ ਵਿੱਚ ਰੁੱਝੀ ਵਿਆਹ ਨੂੰ ਫ਼ਜ਼ੂਲ ਦਾ ਝੰਜਟ ਜਾਣਦੀ ਹੈ। ਇਹ ਪੀੜ੍ਹੀ ਵਿਆਹ ਅਤੇ ਔਲਾਦ ਦੋਹਾਂ ਤੋਂ ਲੱਤ ਚੁੱਕ ਰਹੀ ਹੈ। ਸੁਣਿਆ ਹੈ ਵਿਆਹ ਤੋਂ ਬਿਨਾ ਥੋੜ ਚਿਰੇ ਰਿਸ਼ਤੇ ਨਾਲ਼ ਡੰਗ ਟਪਾ ਲੈਣਾ ਹੀ ਮਨਭਾਉਂਦਾ ਢੰਗ ਹੈ ਜਿਸਦਾ ਕੋਈ ਭਵਿੱਖ ਨਹੀਂ, ਨਾ ਕੋਈ ਜ਼ਿੰਮੇਵਾਰੀ ਹੁੰਦੀ ਹੈ। ਸਾਡੇ ਲਈ ਤਾਂ ਦੁਬਾਰਾ ਤੋਂ ਇਹ ਜੰਗਲ ਰਾਜ ਆ ਗਿਆ ਹੈ। ਜਿੱਥੋਂ ਪਸ਼ੂ ਬਿਰਤੀ ਤੋਂ ਸਫ਼ਰ ਸ਼ੁਰੂ ਕੀਤਾ ਸੀ, ਮੁੜ ਉੱਥੇ ਆ ਪੁੱਜੇ ਹਾਂ। ਬਜ਼ੁਰਗ ਆਖਦੇ ਸਨ ਰੱਬ ਨੇ ਸਭ ਰੀਝਾਂ ਦੀ ਇਕ ਰੁੱਤ, ਇਕ ਵੱਤਰ ਤੇ ਸਮਾਂ ਦਿੱਤਾ ਹੈ। ਧੀ-ਪੁੱਤ ਟਸ ਟਸ ਕਰਦੀ ਉਮਰੇ ਵਿਆਹ ਕਰਵਾ ਕੇ ਹਰ ਰੁੱਤ ਨੂੰ ਹੰਢਾ ਕੇ ਹੀ ਖ਼ੁਸ਼ ਹੋ ਸਕਦੇ ਹਨ। ਪਰ ਅਸੀਂ ਵੇਖਦੇ ਹਾਂ 'ਵਕਤੋਂ ਖੁੰਝੀ ਡੂਮਣੀ ਗਾਵੇ ਆਲ਼-ਪਤਾਲ਼'। ਗੋਰੇ ਸਾਡੀ ਸਾਂਝ ਦੀ ਮਿਸਾਲ ਦੇ ਰਹੇ ਹਨ, ਅਸੀਂ ਉਨ੍ਹਾਂ ਦੀ ਮਿਸਾਲ ਅਪਣਾ ਰਹੇ ਹਾਂ। ਹੁਣ ਪਰਿਵਾਰ ਵੱਖਰਾ ਹੋ ਕੇ ਦੋਸਤਾਂ ਮਿੱਤਰਾਂ ਜਾਂ ਸੋਚਾਂ ਦੇ ਹਾਣ ਦਾ ਰੂਪ ਧਾਰ ਕੇ ਮਰਜ਼ੀ ਜਿੰਨਾਂ ਖ਼ੁਸ਼ ਹੋਣ ਦਾ ਭਰਮ ਵੀ ਪਾਲ਼ ਰਿਹਾ ਹੈ। ਇੰਨ੍ਹਾਂ ਸਭ ਪ੍ਰਾਪਤੀਆਂ ਤਕ ਪੁੱਜ ਕੇ ਅਸੀਂ ਤਾਂ ਪੂਰੀਆਂ ਸਾਂਝਾਂ ਵੱਲ ਹੀ ਉਲਾਰ ਹੋ ਰਹੇ ਹਾਂ।

*ਖੂਹਾਂ ਟੋਭਿਆਂ 'ਤੇ ਮਿਲਣੋਂ ਰਹਿ ਗੇ*
*ਚੰਦਰੇ ਲਵਾ ਲੇ ਨਲ਼ਕੇ।*

# ਯਾਦਾਂ ਦੇ ਝਰੋਖੇ ਥਾਣੀਂ

## ਲੋਕ-ਲਹਿਰਾਂ ਦੀ ਝਲਕ



ਡਾ. ਰਾਜਵੰਤ ਕੌਰ 'ਪ੍ਰੀਤ' ਮਾਨ

ਤੇਰਾ ਸਿੰਘ ਚੰਨ ਨੇ ਆਜ਼ਾਦੀ ਦੀ ਲੜਾਈ ਦੇ ਖ਼ੂਨੀ ਇਤਿਹਾਸ ਬਾਰੇ 'ਅਮਰ ਪੰਜਾਬ' ਉਪੇਰਾ ਲਿਖਿਆ ਜਿਸ ਨੂੰ 1953-54 ਵਿੱਚ 'ਇਪਟਾ' ਤੇ ਅਮਨ ਲਹਿਰਾਂ ਦੀਆਂ ਕਾਨਫਰੰਸਾਂ ਵਿੱਚ ਅਸੀਂ ਖੇਡਦੇ ਰਹੇ। ਚਸ਼ਮਦੀਦ ਗਵਾਹ ਤਾਂ ਹੁਣ ਮੈਂ ਤੇ ਕੰਵਲਜੀਤ ਸਿੰਘ ਸੂਰੀ ਹੀ ਰਹਿ ਗਏ ਹਾਂ। ਪਹਿਲੀ ਵਾਰ ਅੰਮ੍ਰਿਤਸਰ, ਚਿਤਰਾ ਟਾਕੀਜ਼ ਸਿਨੇਮਾ ਹਾਲ ਵਿੱਚ ਖੇਡਿਆ ਗਿਆ ਜਿਸ ਦੀ ਤਿਆਰੀ ਪ੍ਰੀਤ ਨਗਰ ਵਿਖੇ ਰਹਿ ਕੇ ਕੀਤੀ ਗਈ ਸੀ। ਇਸ ਵਿੱਚ ਬਹੁਤ ਸਾਰੇ ਅਦਾਕਾਰਾਂ ਤੇ ਗਵੱਈਆਂ ਦਾ ਰੋਲ ਸੀ। ਸੁਰਿੰਦਰ ਕੌਰ ਵੀ ਆਈ ਸੀ। ਬੰਗਾਲ ਦੇ ਕਾਲ਼-ਪੀੜਿਤਾਂ ਲਈ ਰਾਸ਼ੀ ਭੇਜਣੀ ਸੀ। ਸ਼ੋਅ ਦਾ ਮਾਮੂਲੀ ਟਿਕਟ ਸੀ। ਸਿਨਮੇ ਦੇ ਗੇਟ ਤੋੜ0 ਕੇ ਦਰਸ਼ਕਾਂ ਦੀ ਭੀੜ ਇਕੱਠੀ ਹੋ ਗਈ ਸੀ। ਆਖਰੀ ਸੀਨ ਬੜਾ ਹੀ ਦਰਦਨਾਕ ਸੀ ਜਦ ਪਿਛੋਕੜ ਵਿੱਚੋਂ ਚਿੱਟੇ ਪਰਦੇ 'ਤੇ ਪਾਣੀ ਦੀਆਂ ਲਹਿਰਾਂ ਦਾ ਸ਼ੋਰ ਤੇ ਅੱਗੇ ਗਰੁਪ ਗੀਤ ਗਾਇਆ ਜਾ ਰਿਹਾ ਸੀ --

ਸਤਲੁਜ ਦੀਓ ਲਹਿਰੋ ਬੋਲੋ ਨੀਂ, ਕੁਝ ਭੇਦ ਦਿਲਾਂ ਦੇ ਖੋਲ੍ਹੋ ਨੀਂ।
ਮਰਦ - ਬੇ-ਚੈਨ ਹਵਾਵਾਂ ਪੁੱਛਦੀਆਂ ਨੇ
ਔਰਤਾਂ - ਭੈਣਾਂ ਦੀਆਂ ਆਹਾਂ ਪੁਛਦੀਆਂ ਨੇ, ਪੁੱਤਰਾਂ ਦੀਆਂ ਮਾਵਾਂ ਪੁੱਛਦੀਆਂ ਨੇ।

ਇਸ ਲੰਮੇ ਗੀਤ ਰਾਹੀਂ ਸਾਰੀ ਦਰਦਨਾਕ ਸਥਿਤੀ ਦਾ ਦ੍ਰਿਸ਼ ਬੰਨ੍ਹਿਆਂ ਗਿਆ ਸੀ, ਕਿਵੇਂ ਅਧ-ਜਲੀਆਂ ਵੱਢੀਆਂ-ਟੁੱਕੀਆਂ ਲਾਸ਼ਾਂ ਸਤਲੁਜ ਵਿੱਚ ਸੁੱਟੀਆਂ ਗਈਆਂ।

ਦੇਸ਼ ਦੇ ਦੋ ਟੁਕੜੇ ਕਰਨ ਤੇ ਖ਼ੂਨੀ ਹੋਲ਼ੀ ਖੇਡੀ ਜਾਣ ਪਿੱਛੇ ਅੰਗ੍ਰੇਜ਼ੀ ਸਰਕਾਰ ਦੀ ਲੋਕ-ਵਿਰੋਧੀ ਵੰਡ-ਪਾਊ ਚਾਲ ਤੋਂ ਲੋਕ ਰੋਹ ਨਾਲ਼ ਭਰੇ ਹੋਏ ਸਨ। ਇਹ ਸਮਾਂ ਪੰਜਾਬੀ ਸਮਾਜ ਨੂੰ ਜਗਾਉਣ ਦਾ ਸੀ। ਪੰਜਾਬੀ ਵਿੱਚ ਇਨਕਲਾਬੀ ਵਿਚਾਰਧਾਰਾ ਦੇ ਅਗਾਂਵਧੂ ਲੇਖਕਾਂ ਵੱਲੋਂ ਇਨਕਲਾਹੀ ਸਾਹਿਤ ਧੜਾ-ਧੜ ਲਿਖਿਆ ਜਾਣ ਲੱਗਿਆ। ਹਰੇਕ ਸਾਲ 23 ਮਾਰਚ ਨੂੰ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਮੇਲਾ ਲਗਦਾ ਹੈ ਅਤੇ ਹੁਸੈਨੀਵਾਲ਼ਾ, ਫ਼ਿਰੋਜ਼ਪੁਰ ਵੀ। ਭਗਤ ਸਿੰਘ ਆਖ਼ਰੀ ਸਮੇਂ ਤੱਕ ਡੋਲਿਆ ਨਹੀਂ ਸੀ। ਫਾਂਸੀ 'ਤੇ ਲਿਜਾਏ ਜਾਣ ਸਮੇ ਲੈਨਿਨ ਦੀ ਕਿਤਾਬ ਪੜ੍ਹ ਰਿਹਾ ਸੀ। ਰਾਜ ਗੁਰੂ ਅਤੇ ਸੁਖਦੇਵ ਨਾਲ਼ ਮਿਲ ਕੇ ਬਿਸਮਿਲ ਅਜ਼ੀਮਾਬਾਦੀ ਦਾ ਲਿਖਿਆ ਗੀਤ ਗਾ ਰਿਹਾ ਸੀ - ਸਰ ਫ਼ਰੋਸ਼ੀ ਕੀ ਤਮੰਨਾਂ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ। ਫਾਂਸੀ ਲੱਗਣ ਤੋਂ ਪਹਿਲਾਂ ਭਗਤ ਸਿੰਘ ਦੇ ਆਖ਼ਰੀ ਸ਼ਬਦ -


ਦਿਲ ਸੇ ਨਿਕਲੇਗੀ ਨਾ ਮਰ ਕਰ ਭੀ ਵਤਨ ਕੀ ਉਲਫ਼ਤ
**ਮੇਰੀ ਮਿੱਟੀ ਸੇ ਭੀ ਖ਼ੁਸ਼ਬੂ-ਏ-ਵਤਨ ਆਏਗੀ।**

ਸ਼ਹੀਦਾਂ ਦੀਆਂ ਯਾਦਗਾਰਾਂ ਪਾਕਿਸਤਾਨ ਵਿੱਚ ਹਨ। ਲਾਹੌਰ ਜੇਲ੍ਹ ਵਾਲ਼ੇ ਚੌਂਕ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਲੋਕਾਂ ਦੀ ਆਵਾਜ਼ ਸਰਕਾਰ ਵੱਲੋਂ ਦਬਾ ਦਿੱਤੀ ਜਾਂਦੀ ਹੈ। ਕਾਸ਼ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਬਾਡਰ ਖੋਲ੍ਹ ਦੇਣ, ਇਨਕਲਾਬੀ ਇਤਿਹਾਸ ਦੇ ਨਿਸ਼ਾਨ ਸਾਂਭੇ ਜਾਣ ਅਤੇ ਲੋਕ ਸ਼ਰਧਾ ਦੇ ਫੁੱਲ ਭੇਟ ਕਰ ਸਕਣ।

ਬਾਬਾ ਸੋਹਣ ਸਿੰਘ ਭਕਨਾ ਜੀ ਬਾਰੇ ਇੱਕ ਪੁਰਾਣੀ ਯਾਦ ਤਾਜ਼ਾ ਹੋ ਗਈ ਹੈ। ਗੱਲ 1954 ਦੇ ਨੇੜ ਤੇੜ ਦੀ ਹੈ ਜਦੋਂ ਅੰਮ੍ਰਿਤਸਰ ਹੋ ਰਹੀ ਇਪਟਾ ਦੀ ਕਾਨਫਰੰਸ ਵਿੱਚ ਬਾਬਾ ਜੀ ਪਹਿਲੀ ਕਤਾਰ ਵਿੱਚ ਬੈਠੇ ਦੇਖੇ। ਲੋਕਾਂ ਦੇ ਭਰਵੇਂ ਇਕੱਠ ਵਿੱਚ ਨਿਰਬਲ ਸਰੀਰ ਪਰ ਆਵਾਜ਼ ਵਿੱਚ ਜਵਾਨਾਂ ਵਾਲੀ ਗੜ੍ਹਕ। ਸਟੇਜ 'ਤੇ ਸੋਟੀ ਦੇ ਸਹਾਰੇ ਚੜ੍ਹੇ, ਝੁਕੀ ਹੋਈ ਕਮਰ, ਜੀਵਨ ਭਰ ਦੇ ਤਜਰਬੇ ਦੀ ਚਾਸ਼ਨੀ ਵਿੱਚ ਪੱਕਿਆ ਹੋਇਆ ਭਾਸ਼ਣ, ਸੁਣ ਕੇ ਸਰੋਤਿਆਂ ਦੀਆਂ ਤਾੜੀਆਂ ਨਾਲ਼ ਪੰਡਾਲ ਗੂੰਜ ਉੱਠਿਆ। ਅਮਰੀਕਾ ਵਿੱਚ ਗ਼ਦਰ ਪਾਰਟੀ ਦਾ ਮੋਢੀ ਪ੍ਰਧਾਨ ਸੀ। ਲਾਲਾ ਹਰਦਿਆਲ ਨਾਲ਼ ਮਿਲ ਕੇ ਗ਼ਦਰ ਲਹਿਰ ਦੀ ਗੂੰਜ ਵੱਧ ਤੋਂ ਵੱਧ ਲੋਕਾਂ ਤੱਕ ਪਹੁਚਾਉਣ ਵਾਲ਼ੇ ਸਿਰਕੱਢ ਇਨਕਲਾਬੀ ਬਾਬਾ ਜੀ ਨੂੰ ਜੀਵਨ ਦਾ ਵਧੇਰੇ ਹਿੱਸਾ ਜੇਲ੍ਹਾਂ ਵਿੱਚ ਕੱਟਣਾ ਪਿਆ। ਇਹਨਾਂ ਦੀ ਜੀਵਨੀ ਅਤੇ ਗਤੀਵਿਧੀਆਂ ਬਾਰੇ ਮੈਂ ਵਿਸਥਾਰ ਨਾਲ਼ ਜਾਣਕਾਰੀ ਹਾਸਲ ਕੀਤੀ। ਨਿੱਜੀ ਜ਼ਿੰਦਗੀ ਦੇ ਸੁਖ ਆਰਾਮ ਤਿਆਗ ਕੇ ਜ਼ਿੰਦਗੀ ਮਜ਼ਲੂਮਾਂ, ਕਿਰਤੀਆਂ, ਕਿਸਾਨਾਂ ਦੇ ਲੇਖੇ ਲਾ ਦਿੱਤੀ। ਅੰਮ੍ਰਿਤਸਰ ਜ਼ਿਲੇ ਦੇ ਪਿੰਡ ਭਕਨਾ ਵਿਖੇ ਇਹਨਾਂ ਦਾ ਚਲਾਇਆ ਸਕੂਲ ਬੜਾ ਪ੍ਰਸਿੱਧ ਹੈ। ਪਿੰਡ ਦੇ ਗੇਟ 'ਤੇ ਇਹਨਾਂ ਦਾ ਬੁੱਤ ਲੱਗਿਆ ਹੋਇਆ ਹੈ। ਉਹਨਾਂ ਦੀ ਲਾਸਾਨੀ ਕੁਰਬਾਨੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਾ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਇਨਕਲਾਬੀ ਇਤਿਹਾਸ ਦੀ ਜਾਣਕਾਰੀ ਦੇਣੀ ਸਾਡਾ ਫ਼ਰਜ਼ ਬਣਦਾ ਹੈ।

ਮੈਨੂੰ ਹੁਸ਼ਿਆਰਪੁਰ ਜ਼ਿਲੇ ਦੇ ਇਨਕਲਾਬੀਆਂ ਬਾਰੇ ਭਰਪੂਰ ਜਾਣਕਾਰੀ ਹਾਸਲ ਕਰਨ ਦਾ ਮੌਕਾ 1950 ਤੋਂ ਹੀ ਮਿਲ ਗਿਆ ਸੀ ਜਦੋਂ ਮੈਂ ਖਾਲਸਾ ਕਾਲਜ ਮਾਹਿਲਪੁਰ ਵਿੱਚ ਐਫ.ਐਸ.ਸੀ. (ਮੈਡੀਕਲ) ਵਿੱਚ ਪੜ੍ਹਦੀ ਸੀ। ਮੇਰੀ ਇੱਕ ਸਹੇਲੀ ਦੀ ਵੱਡੀ ਭੈਣ ਦੇ ਸਾਥ ਵਿੱਚ ਅਸੀਂ ਦੋਵੇਂ ਵੀ ਉਸ ਗਰੁਪ ਵਿੱਚ ਸ਼ਾਮਲ ਹੋਈਆਂ ਜਿੱਥੇ ਡਾ. ਭਾਗ ਸਿੰਘ ਕਾਮਰੇਡ ਨੇ ਭਾਸ਼ਣ ਦੇਣਾ ਸੀ। ਸਰਦੀਆਂ ਦੀ ਠੰਢੀ ਸੀਤ ਰਾਤ ਸੀ। ਉਹ ਉਦੋਂ ਰੂਪੋਸ਼ ਹੋ ਕੇ ਪੁਲੀਸ ਤੋਂ ਬਚ ਕੇ ਰਾਤਾਂ ਨੂੰ ਅਗਾਂਹਵਧੂ ਸੋਚ ਰਾਹੀਂ ਦੇਸ਼ ਦੀ ਨਾਜ਼ੁਕ ਹਾਲਤ ਤੋਂ ਲੋਕਾਂ ਨੂੰ ਜਾਣੂੰ ਕਰਵਾਉਂਦੇ ਸਨ। ਇਸ ਗਰੁਪ ਵਿੱਚ ਜਥੇਦਾਰ ਮੂਲ਼ਾ ਸਿੰਘ ਦੀਆਂ ਦੋ ਬੇਟੀਆਂ ਮੇਰੀਆਂ ਹਮਉਮਰ ਗੁਰਮੀਤ ਅਤੇ ਹਰਜੀਤ ਵੀ ਸਨ। ਡਾ. ਭਾਗ ਸਿੰਘ ਇੱਕ ਅਲਾਣੇ ਮੰਜੇ 'ਤੇ ਬੈਠੇ ਭਾਸ਼ਣ ਦੇ ਰਹੇ ਸਨ। ਬਾਕੀ ਸਾਰੇ ਥੱਲੇ ਬਹਿ ਕੇ ਧਿਆਨ ਨਾਲ਼ ਸੁਣ ਰਹੇ ਸਨ। ਉਨ੍ਹਾਂ ਨੇ ਇੱਕ ਘੰਟੇ ਵਿੱਚ ਸਾਰੀ ਦੁਨੀਆਂ ਦੇ ਹਾਲਾਤ ਬਾਰੇ ਤੇ ਆਪਣੇ ਦੇਸ਼ ਦੇ ਨੇਤਾਵਾਂ ਦੀ ਕੂਟਨੀਤੀ ਬਾਰੇ ਬੜੇ ਵਿਸਥਾਰ ਨਾਲ਼ ਸਮਝਾਇਆ ਕਿ ਕਿਵੇਂ ਅੰਗ੍ਰੇਜ਼ੀ ਸਰਕਾਰ ਨੇ ਦੇਸ਼ ਦੀ ਵੰਡ ਕਰ ਕੇ ਹਿੰਦੂ-ਮੁਸਲਮਾਨਾਂ ਦੀ ਫੁੱਟ ਦੇ ਜ਼ਹਿਰੀਲੇ ਬੀਜ ਬੀਜੇ, ਕਿਵੇਂ ਚੌਧਰ ਦੇ ਭੁੱਖੇ ਆਗੂਆਂ ਨੇ ਲੋਕਾਂ ਦਾ ਸਾਥ ਛੱਡ ਦਿੱਤਾ, ਉਹ ਸਮਾਂ ਯਾਦ ਰਹਿੰਦਾ ਹੈ।

# ਵਿਕਸਿਤ ਭਾਰਤ ਦਾ ਸੁਪਨਾ ਪੂਰਾ ਕਰਨ ਲਈ ਸਿੰਗਾਪੁਰ ਤੋਂ ਸੇਧ ਲਈ ਜਾ ਸਕਦੀ ਹੈ।



ਰਿਟਾ. ਏ.ਆਈ.ਜੀ. ਬਲਰਾਜ ਸਿੰਘ ਸਿੱਧੂ
ਮੋ. 9501100062

ਬਹੁਤ ਸਾਰੇ ਭਾਰਤੀਆਂ ਲਈ ਛੋਟਾ ਜਿਹਾ ਦੇਸ਼ ਸਿੰਗਾਪੁਰ ਸਫਲਤਾਪੂਰਵਕ ਤਰੱਕੀ ਕਰਨ ਦਾ ਪ੍ਰਤੀਕ ਹੈ। 1965 ਵਿੱਚ ਇੰਗਲੈਂਡ ਤੋਂ ਅਜ਼ਾਦੀ ਪ੍ਰਾਪਤ ਕਰਨ ਸਮੇਂ ਇਸ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਭਾਰਤ ਨਾਲੋਂ ਚਾਰ ਗੁਣਾ ਵੱਧ ਸੀ ਜੋ ਹੁਣ 30 ਗੁਣਾ ਵੱਧ ਹੋ ਗਈ ਹੈ। ਭਾਰਤ ਵਾਂਗ ਸਿੰਗਾਪੁਰ ਵੀ ਵੱਖ ਵੱਖ ਨਸਲਾਂ ਅਤੇ ਧਰਮਾਂ ਦਾ ਮਿਲਗੋਭਾ ਹੈ ਪਰ ਇਸ ਨੇ ਜਿਵੇਂ ਆਪਣੇ ਨਾਗਰਿਕਾਂ ਵਿੱਚ ਸਮਾਜਿਕ, ਆਰਥਿਕ ਅਤੇ ਵਿਦਿਅਕ ਪਾੜਾ ਘਟਾਇਆ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਿੰਗਾਪੁਰ ਇਸ ਕਾਰਨ ਤਰੱਕੀ ਕਰ ਗਿਆ ਕਿਉਂਕਿ ਇਹ ਇੱਕ ਛੋਟਾ ਦੇਸ਼ ਹੈ। ਪਰ ਇਸ ਜਿੱਡੇ ਅਨੇਕਾਂ ਦੇਸ਼ (ਹੈਤੀ, ਬਾਰਬਾਡੋਸ, ਤਰਿਨੀਦਾਦ ਅਤੇ ਟੋਬੈਗੋ ਆਦਿ) ਹਨ ਜੋ ਭੁੱਖ ਅਤੇ ਗੁਰਬਤ ਨਾਲ ਘੁਲ ਰਹੇ ਹਨ। ਸਿੰਗਾਪੁਰ ਦੀ ਕਹਾਣੀ ਇਸ ਦੇ ਅਕਾਰ ਨਾਲੋਂ ਬਹੁਤ ਜਿਆਦਾ ਵੱਡੀ ਹੈ। ਭਾਰਤ ਨੂੰ 2047 ਤੱਕ ਵਿਕਸਿਤ ਭਾਰਤ ਬਣਾਉਣ ਲਈ ਇਸ ਦੇ ਤਜ਼ਰਬੇ ਤੋਂ ਸੇਧ ਲਈ ਜਾ ਸਕਦੀ ਹੈ। ਉੱਪਰੀ ਤੌਰ 'ਤੇ ਸਿੰਗਾਪੁਰ ਦੀ ਤਰੱਕੀ ਨੂੰ ਇਸ ਦੇ ਲੋਕ ਪੱਖੀ ਸਰਮਾਏਦਾਰੀ ਨਿਜ਼ਾਮ, ਲਿਸ਼ਕਦੀਆਂ ਅਸਮਾਨ ਛੂੰਹਦੀਆਂ ਇਮਾਰਤਾਂ ਅਤੇ ਜਬਰਦਸਤ ਬੁਨਿਆਦੀ ਢਾਚੇ ਤੋਂ ਸਮਝਿਆ ਜਾ ਸਕਦਾ ਹੈ। ਭਾਰਤ ਦੀ ਅਜੋਕੀ ਤਰੱਕੀ ਜਿਵੇਂ ਕਿ ਬੰਦਰਗਾਹਾਂ, ਸੜਕਾਂ ਅਤੇ ਰੇਲਵੇ ਆਦਿ ਦਾ ਵਿਕਾਸ ਅਤੇ ਗੁਜਰਾਤ ਵਿਚਲੀ ਜੀ.ਆਈ.ਐਫ.ਟੀ ਸਿਟੀ ਵਰਗੇ ਟੈਕਸ ਫਰੀ ਇਲਾਕੇ ਸਿੰਗਾਪੁਰ ਦੇ ਸਿਸਟਮ ਨਾਲ ਰਲਦੇ ਮਿਲਦੇ ਹਨ।

ਸਿੰਗਾਪੁਰ ਦੀ ਸਰਕਾਰ ਇਹ ਮੰਨਣ ਵਿੱਚ ਸੰਕੋਚ ਨਹੀਂ ਕਰਦੀ ਕਿ ਉਨ੍ਹਾਂ ਨੇ ਦੇਸ਼ ਦੀ ਤਰੱਕੀ ਦੇ ਢੰਗ ਵੱਖ ਵੱਖ ਦੇਸ਼ਾਂ ਤੋਂ ਉਧਾਰ ਲਏ ਸਨ ਜੋ ਬਹੁਤ ਹੀ ਸਟੀਕਤਾ ਨਾਲ ਆਪਣੇ ਜਨਤਾ ਦੀ ਤਰੱਕੀ ਅਤੇ ਭਲਾਈ ਲਈ ਪ੍ਰਯੋਗ ਵਿੱਚ ਲਿਆਂਦੇ ਹਨ। ਪਰ ਸਟੀਲ ਅਤੇ ਕੰਕਰੀਟ ਦੇ ਨਾਲ ਨਾਲ ਉਨ੍ਹਾਂ ਨੇ ਸਭ ਤੋਂ ਜਿਆਦਾ ਮਿਹਨਤ ਆਪਣੇ ਬਹੁਭਾਂਤੀ ਸਮਾਜ ਨੂੰ ਇਕੱਠਾ ਕਰਨ ਲਈ ਕੀਤੀ ਹੈ। ਅਜ਼ਾਦੀ ਦੇ ਸਮੇਂ ਦੇਸ਼ ਬਹੁਤ ਹੀ ਨਾਜ਼ਕ ਸਥਿੱਤੀ ਵਿੱਚ ਸੀ ਕਿਉਂਕਿ ਇਥੇ ਕਈ ਨਸਲਾਂ ਦੇ ਲੋਕ ਵੱਸਦੇ ਸਨ ਜੋ ਸੱਤਾ 'ਤੇ ਕਬਜ਼ਾ ਜਮਾਉਣਾ ਚਾਹੁੰਦੇ ਸਨ। ਸਿੰਗਾਪੁਰ ਦੀ ਅਬਾਦੀ ਵਿੱਚ ਚੀਨੀ ਲਗਭਗ 75%, ਮਲੇਸ਼ੀਅਨ 14% ਤੇ ਭਾਰਤੀ 11% ਸਨ। ਵਸੋਂ ਦਾ ਇਹ ਅਸੰਤੁਲਨ ਸਿਰਫ ਰਾਜਨੀਤਕ ਹੀ ਨਹੀਂ ਸਗੋਂ ਆਰਥਿਕ ਮੋਰਚੇ 'ਤੇ ਵੀ ਸੀ। ਬ੍ਰਿਟਿਸ਼ ਰਾਜ ਦੇ ਸਮੇਂ ਲੇਬਰ ਅਤੇ ਵਿਦਿਅਕ ਭੇਦ ਭਾਵ ਨੇ ਸਮਾਜ ਦੇ ਵੱਖ ਵੱਖ ਭਾਗਾਂ ਵਿੱਚ ਭਾਰੀ ਆਰਥਿਕ ਅਤੇ ਜੀਵਨ ਸ਼ੈਲੀ ਅਸੰਤੁਲਨ ਪੈਦਾ ਕਰ ਦਿੱਤਾ ਸੀ। ਚੀਨੀ ਲੋਕ ਬਾਕੀ ਭਾਈਚਾਰਿਆਂ ਨਾਲੋਂ ਵਧੇਰੇ ਅਮੀਰ, ਪੜ੍ਹੇ ਲਿਖੇ ਅਤੇ ਕੁਸ਼ਲ ਕਾਮਗਾਰ ਸਨ ਤੇ ਸਿੰਗਾਪੁਰ ਦੀ ਜਿਆਦਾਤਰ ਆਰਥਿਕਤਾ ਉਨ੍ਹਾਂ ਦੇ ਕਬਜ਼ੇ ਹੇਠ ਸੀ। ਜੇ ਇਸ ਸਬੰਧੀ ਜਲਦੀ ਕੁਝ ਨਾ ਕੀਤਾ ਜਾਂਦਾ ਤਾਂ ਇਹ ਪਾੜਾ ਪੱਕੇ ਤੌਰ 'ਤੇ ਸਿੰਗਾਪੁਰ ਦੇ ਸਮਾਜ ਨੂੰ ਆਪਣੀ ਜਕੜ ਵਿੱਚ ਲੈ ਸਕਦਾ ਸੀ। ਪਰ ਖੁਸ਼ਕਿਸਮਤੀ ਨਾਲ ਸਿੰਗਾਪੁਰ ਨੂੰ ਲੀ ਕੁਆਨ ਜਿਊ ਵਰਗਾ ਕਾਬਲ ਵਿਅਕਤੀ ਪਹਿਲੇ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਮਿਲਿਆ। ਉਹ ਭਾਵੇਂ ਖੁਦ ਚੀਨੀ ਮੂਲ ਦਾ ਸੀ ਪਰ ਉਸ ਨੇ ਇਹ ਸਮਾਜਿਕ ਤੇ ਆਰਥਿਕ ਪਾੜੇ ਨੂੰ ਖਤਮ ਕਰਨ ਲਈ ਬਿਨਾਂ ਕਿਸੇ ਭੇਦ ਭਾਵ ਦੇ ਠੋਸ ਨੀਤੀਆਂ ਤਿਆਰ ਕੀਤੀਆਂ। ਉਹ ਐਨਾ ਲੋਕਪ੍ਰਿਅ ਸੀ ਕਿ ਦੇਸ਼ ਅਜ਼ਾਦ ਹੋਣ ਤੋਂ ਪਹਿਲਾਂ ਹੀ 5 ਜੂਨ 1959 ਨੂੰ ਪ੍ਰਧਾਨ ਮੰਤਰੀ ਬਣ ਗਿਆ ਸੀ ਤੇ 28 ਨਵੰਬਰ 1990 ਤੱਕ ਇਸ ਅਹੁਦੇ 'ਤੇ ਰਿਹਾ। ਉਸ ਨੇ ਜਨਤਾ ਦੇ ਸਖਤ ਵਿਰੋਧ ਦੇ ਬਾਵਜੂਦ ਮਾੜੀ ਸਿਹਤ ਦਾ ਹਵਾਲਾ ਦੇ ਕੇ ਗੱਦੀ ਛੱਡ ਦਿੱਤੀ ਸੀ।

ਉਸ ਨੇ ਤਿੰਨ ਮੁੱਖ ਨੁਕਤਿਆਂ 'ਤੇ ਕੰਮ ਕੀਤਾ। ਨਸਲੀ ਵਰਗੀਕਰਨ ਨੂੰ ਨਿਰਉਤਸ਼ਾਹਿਤ ਕੀਤਾ, ਆਰਥਿਕ ਪਾੜੇ ਨੂੰ ਖਤਮ ਕੀਤਾ ਤੇ ਇਹ ਨਿਸ਼ਚਿਤ ਕੀਤਾ ਕਿ ਦੇਸ਼ ਦੀ ਤਰੱਕੀ ਵਿੱਚ ਹਰ ਨਸਲੀ ਸਮੂਹ ਬਰਾਬਰ ਦਾ ਯੋਗਦਾਨ ਪਾਵੇ। ਇਸ ਲਈ ਬਿਨਾਂ ਕਿਸੇ ਭੇਦ ਭਾਵ ਦੇ ਸਰਕਾਰੀ ਨੌਕਰੀਆਂ ਅਤੇ ਰਾਜਨੀਤਕ ਪਦਵੀਆਂ ਦਿੱਤੀਆਂ ਗਈਆਂ। ਗਿਣਤੀ ਜਾਂ ਨਸਲੀ ਅਧਾਰ 'ਤੇ ਕਿਸੇ ਵੀ ਤਰਾਂ ਦੀ ਕੋਈ ਰਿਜ਼ਰਵੇਸ਼ਨ ਨਾ ਦਿੱਤੀ ਗਈ। ਇਹ ਹੀ ਕਾਰਨ ਹੈ ਕਿ 11% ਅਬਾਦੀ ਹੋਣ ਦੇ ਬਾਵਜੂਦ ਕੁੱਲ 9 ਰਾਸ਼ਟਰਪਤੀਆਂ ਵਿੱਚੋਂ ਹੁਣ ਤੱਕ ਚਾਰ ਭਾਰਤੀ (ਦੇਵਨ ਨਾਇਰ 23 ਅਕਤੂਬਰ 1981 ਤੋਂ 28 ਮਾਰਚ 1985, ਐਸ ਆਰ ਨਾਥਨ 1 ਸਤੰਬਰ 1999 ਤੋਂ 1 ਸਤੰਬਰ 2011, ਜੇ ਵਾਈ ਪਿੱਲੇ 1 ਸਤੰਬਰ 2011 ਤੋਂ 14 ਸਤੰਬਰ 2017 ਅਤੇ ਮੌਜੂਦਾ ਰਾਸ਼ਟਰਪਤੀ ਥਰਮਨ ਸ਼ਾਨਮੁਗਾਰਤਨਮ 14 ਸਤੰਬਰ 2023 ਤੋਂ ਹੁਣ ਤੱਕ) ਆਪਣੀ ਕਾਬਲੀਅਤ ਕਾਰਨ ਰਾਸ਼ਟਰਪਤੀ ਰਹੇ ਹਨ। ਇਸ ਤੋਂ ਇਲਾਵਾ ਵਰਕਰਜ਼ ਪਾਰਟੀ ਦਾ ਪ੍ਰਧਾਨ ਪ੍ਰੀਤਮ ਸਿੰਘ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦਾ ਨੇਤਾ ਹੈ। ਸਾਰੇ ਫਿਰਕਿਆਂ ਦੀ ਬਰਾਬਰੀ ਲਈ ਰਿਹਾਇਸ਼ੀ ਕੰਪਲੈਕਸ ਅਤੇ ਕਲੋਨੀਆਂ ਨੂੰ ਸਭ ਤੋਂ ਵੱਡੇ ਹਥਿਆਰ ਵਜੋਂ ਵਰਤਿਆ ਗਿਆ। ਇਸ ਤਰਾਂ ਦੇ ਸਖਤ ਕਾਨੂੰਨ ਬਣਾਏ ਗਏ ਕਿ ਕਿਸੇ ਕੰਪਲੈਕਸ ਵਿੱਚ ਕਿਸੇ ਖਾਸ ਸਮਾਜਿਕ ਜਾਂ ਧਾਰਮਿਕ ਫਿਰਕੇ ਦਾ ਗਲਬਾ ਨਾ ਹੋਵੇ ਤੇ ਸਾਰਾ ਸਮਾਜ ਮਿਲ ਜੁਲ ਕੇ ਰਹੇ। ਭਾਰਤ ਵਿੱਚ ਅਜਿਹੀਆਂ ਕਈ ਰਿਹਾਇਸ਼ੀ ਸੁਸਇਟੀਆਂ ਹਨ ਜਿੱਥੇ ਦੂਸਰੇ ਧਰਮ ਜਾਂ ਫਿਰਕੇ ਦਾ ਵਿਅਕਤੀ ਮਕਾਨ ਜਾਂ ਫਲੈਟ ਨਹੀਂ ਖਰੀਦ ਸਕਦਾ। ਪਿੱਛੇ ਜਿਹੇ ਯੂ.ਪੀ. ਦੇ ਇੱਕ ਸ਼ਹਿਰ ਵਿੱਚ ਇੱਕ ਡਾਕਟਰ ਨੇ ਦੂਸਰੇ ਧਰਮ ਦੇ ਵਿਅਕਤੀ ਨੂੰ ਮਕਾਨ ਵੇਚ ਦਿੱਤਾ ਸੀ ਪਰ ਭਾਰੀ ਵਿਰੋਧ ਦੇ ਕਾਰਨ ਉਸ ਨੂੰ ਰਜਿਸਟਰੀ ਕੈਂਸਲ ਕਰਵਾਉਣੀ ਪਈ ਸੀ।

ਸਿੰਗਾਪੁਰ ਵਿਖੇ ਕਿਸੇ ਇੱਕ ਨਸਲੀ ਜਾਂ ਧਾਰਮਿਕ ਫਿਰਕੇ ਦੇ ਲੋਕ ਮਿਲ ਕੇ ਹਾਊਸਿੰਗ ਕਲੋਨੀ, ਕੰਪਲੈਕਸ ਜਾਂ ਸੁਸਾਇਟੀ ਨਹੀਂ ਬਣਾ ਸਕਦੇ। ਹਰ ਕਲੋਨੀ ਵਿੱਚ ਮਿਲੇ ਜੁਲੇ ਲੋਕ ਵੱਸਣੇ ਜਰੂਰੀ ਹਨ ਜਿਸ ਕਾਰਨ ਉਥੇ ਫਿਰਕਿਆਂ ਵਿੱਚ ਆਪਸੀ ਮੇਲ ਜੋਲ ਅਤੇ ਪਿਆਰ ਸਤਿਕਾਰ ਵਿੱਚ ਵਾਧਾ ਹੋਇਆ ਹੈ। ਪਬਲਿਕ ਹਾਊਸਿੰਗ ਦਾ ਮਤਲਬ ਸਿਰਫ ਲੋਕਾਂ ਨੂੰ ਰਹਿਣ ਲਈ ਛੱਤ ਦੇਣਾ ਹੀ ਨਹੀਂ ਸੀ ਬਲਕਿ ਉਨ੍ਹਾਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਇੱਕ ਦੂਸਰੇ ਦੇ ਕਰੀਬ ਲਿਆਉਣਾ ਸੀ। ਇਹ ਹੀ ਕਾਰਨ ਹੈ ਕਿ ਅੱਜ ਤੱਕ ਸਿੰਗਾਪੁਰ ਵਿੱਚ ਕੋਈ ਧਾਰਮਿਕ ਜਾਂ ਫਿਰਕੂ ਗੜਬੜ ਨਹੀਂ ਹੋਈ। ਸਿੰਗਾਪੁਰ ਨੇ ਅਜਿਹੀਆਂ ਯੋਜਨਾਵਾਂ ਵਿੱਚ ਭਾਰੀ ਸਰਕਾਰੀ ਨਿਵੇਸ਼ ਕੀਤਾ ਜਿਨ੍ਹਾਂ ਨਾਲ ਲੋਕਾਂ ਨੂੰ ਕੰਮ ਅਤੇ ਨੌਕਰੀਆਂ ਮਿਲਣ ਤਾਂ ਜੋ ਅਜ਼ਾਦੀ ਵੇਲੇ ਦਾ ਆਰਥਿਕ ਪਾੜਾ ਖਤਮ ਹੋ ਜਾਵੇ। ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਮੁਫਤ ਸਿੱਖਿਆ ਅਤੇ ਇਲਾਜ਼ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਅਮੀਰ ਗਰੀਬ ਦਾ ਫਰਕ ਖਤਮ ਹੋ ਜਾਵੇ। ਸਿੰਗਾਪੁਰ ਵਿੱਚ ਕੋਈ ਵੀ ਪ੍ਰਾਈਵੇਟ ਸਕੂਲ ਜਾਂ ਹਸਪਤਾਲ ਨਹੀਂ ਹੈ। ਉਸੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਵਿੱਚ ਆਮ ਆਦਮੀ ਦਾ ਬੱਚਾ ਪੜ੍ਹਦਾ ਹੈ ਤੇ ਉਸੇ ਵਿੱਚ ਪ੍ਰਧਾਨ ਮੰਤਰੀ ਦਾ। ਇਨ੍ਹਾਂ ਸੁਧਾਰਾਂ ਨਾਲ ਰਾਤੋ ਰਾਤ ਤਾਂ ਫਰਕ ਨਹੀਂ ਪਿਆ ਪਰ ਫਿਰ ਵੀ 1965 ਦੀ ਬਨਿਸਬਤ 2026 ਦੇ ਹਾਲਾਤ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ।

ਤਿੰਨਾਂ ਮੁੱਖ ਭਾਈਚਾਰਿਆ (ਚੀਨੀ, ਮਲੇਸ਼ੀਅਨ ਅਤੇ ਭਾਰਤੀ) ਦੀ ਆਮਦਨ ਤੇਜ਼ੀ ਨਾਲ ਵਧੀ ਹੈ ਤੇ ਸਿੰਗਾਪੁਰ ਹੁਣ 1965 ਵਰਗਾ ਗਰੀਬ ਤੇ ਵੰਡਿਆ ਹੋਇਆ ਦੇਸ਼ ਨਹੀਂ ਰਿਹਾ। ਐਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਅਜੇ ਭਾਈਚਾਰਿਆਂ ਵਿੱਚ ਥੋੜ੍ਹਾ ਬਹੁਤਾ ਆਰਥਿਕ ਫਰਕ ਦਿਖਾਈ ਦੇਂਦਾ ਹੈ। 2024 ਵਿੱਚ ਹੋਈ ਮਰਦਮਸ਼ੁਮਾਰੀ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਅਤੇ ਭਾਰਤੀ ਭਾਈਚਾਰਿਆਂ ਦੇ ਮੁਕਾਬਲੇ ਮਲੇਸ਼ੀਅਨ ਭਾਈਚਾਰੇ ਦੀ ਆਮਦਨ ਕੁਝ ਘੱਟ ਹੈ ਭਾਵੇਂ ਕਿ ਸਰਕਾਰੀ ਨੀਤੀਆਂ ਤੋਂ ਸਾਰਿਆਂ ਨੇ ਫਾਇਦਾ ਉਠਾਇਆ ਹੈ। ਸਰਕਾਰ ਖਰਚ ਬਚਾਉਣ ਲਈ ਬਹੁਤ ਉਪਾਉ ਕਰਦੀ ਹੈ। ਇਸ ਕਾਰਨ ਕੈਬਨਿਟ ਵੀ ਛੋਟੀ ਰੱਖੀ ਜਾਂਦੀ ਹੈ। ਨਾਗਰਿਕਾਂ ਨੂੰ ਸਬਸਿਡੀਆਂ ਜਾਂ ਖਾਤਿਆਂ ਵਿੱਚ ਪੈਸੇ ਪਾਉਣ ਦੀ ਬਜਾਏ ਚੰਗੀਆਂ ਆਰਥਿਕ ਨੀਤੀਆਂ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਕਾਰ ਐਨੀ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ ਕਿ ਇਹ ਏਸ਼ੀਆ ਦਾ ਸਭ ਤੋਂ ਘੱਟ ਭ੍ਰਿਸ਼ਟ ਦੇਸ਼ ਹੈ। ਭਾਰਤ ਵਰਗਾ ਵੱਡਾ ਦੇਸ਼ ਇਸ ਦੀਆਂ ਸਾਰੀਆਂ ਪਾਲਸੀਆਂ ਦੀ ਨਕਲ ਤਾਂ ਨਹੀਂ ਕਰ ਸਕਦਾ ਪਰ ਉਸ ਤੋਂ ਬਹੁਤ ਕੁਝ ਸਿੱਖ ਜਰੂਰ ਸਕਦਾ ਹੈ। ਜੇ ਵਿਕਸਿਤ ਭਾਰਤ ਨੂੰ ਸਿਰਫ ਇੱਕ ਨਾਅਰਾ ਹੀ ਨਹੀਂ ਰੱਖਣਾ ਤਾਂ ਆਰਥਿਕ ਦੇ ਨਾਲ ਨਾਲ ਸਿੰਗਾਪੁਰ ਵਾਂਗ ਸਮਾਜਿਕ ਤੇ ਧਾਰਮਿਕ ਤਾਣਾ ਬਾਣਾ ਵੀ ਠੀਕ ਕਰਨਾ ਪੈਣਾ ਹੈ।




## ਨਵੀਂ ਪੀੜ੍ਹੀ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਦਾ ਨਿੱਗਰ ਉਪਰਾਲਾ ਹੈ,'ਨਵੀਆਂ ਕਲਮਾਂ-ਨਵੀਂ ਉਡਾਣ'

# ਗੁਰੂ ਵੱਲੋਂ ਬਖਸ਼ੀ ਮੱਤ ਅਤੇ ਦਾਤਾਂ ਹੀ ਲੋਕ ਭਲਾਈ ਲਈ ਵਰਤ ਰਹੇ ਹਾਂ- ਸੁੱਖੀ ਬਾਠ

**ਜਸਵੀਰ ਸਿੰਘ ਭਲੂਰੀਆ**
+1-236-622-7799
**ਕੁਲਵੰਤ ਸਿੰਘ ਸਰੋਤਾ**
**ਸਰੀ (ਬੀ.ਸੀ.) ਕੈਨੇਡਾ**

ਬੇਸ਼ੱਕ ਸਾਡਾ ਸਮਾਜ ਪਦਾਰਥਿਕ ਤੌਰ ਤੇ ਤਰੱਕੀ ਕਰ ਰਿਹਾ ਹੈ ਪਰ ਮਾਨਸਿਕ ਤੌਰ ਤੇ ਮਨੁੱਖੀ ਸੋਚ ਵਿੱਚ ਦਿਨੋਂ-ਦਿਨ ਗਿਰਾਵਟ ਆ ਰਹੀ ਹੈ। ਇਸ ਨਿਘਾਰ ਨੂੰ ਠੱਲ ਪਾਉਣ ਲਈ ਅਨੇਕਾਂ ਸੰਸਥਾਵਾਂ ਅਤੇ ਵਿਅਕਤੀ ਆਪੋ ਆਪਣੇ ਢੰਗ ਨਾਲ ਅਤੇ ਆਪੋ ਆਪਣੀ ਸਮਰੱਥਾ ਅਨੁਸਾਰ ਯੋਗਦਾਨ ਪਾ ਰਹੇ ਹਨ। ਬਹੁਤ ਸਾਰੇ ਐਨ. ਆਰ. ਆਈ. ਵੀ ਆਪਣੇ ਪਿਆਰੇ ਪੰਜਾਬ ਨੂੰ ਹੱਸਦਾ-ਵੱਸਦਾ ਦੇਖਣ ਲਈ ਯਤਨ ਕਰ ਰਹੇ ਹਨ। ਇਹਨਾਂ ਵਿੱਚ ਸੁੱਖੀ ਬਾਠ ਸਰੀ (ਕੈਨੇਡਾ) ਦਾ ਨਾਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ।

ਸੁੱਖੀ ਬਾਠ ਕੈਨੇਡਾ ਦੇ ਖ਼ੂਬਸੂਰਤ ਸ਼ਹਿਰ ਸਰੀ ਦੀ ਨਾਮਵਰ ਸ਼ਖਸ਼ੀਅਤ ਹਨ। ਉੱਨਾਂ ਦੀ ਹਾਜ਼ਰੀ ਤੋਂ ਬਿਨਾਂ ਸਰੀ ਦਾ ਕੋਈ ਵੀ ਸਾਹਿੱਤਕ ਸਮਾਗਮ, ਸੰਗੀਤਕ ਪ੍ਰੋਗਰਾਮ, ਸੱਭਿਆਚਾਰਕ ਮੇਲਾ ਜਾਂ ਖੇਡ ਮੇਲਾ ਅਧੂਰਾ ਹੁੰਦਾ ਹੈ। ਸੁੱਖੀ ਬਾਠ ਸਮਾਜਸੇਵਾ ਕਰਦਿਆਂ ਪੰਜਾਬੀ ਸਮਾਜ (ਦੇਸ਼-ਵਿਦੇਸ਼) ਨੂੰ ਬੜੀ ਸੂਖਮ ਨਜ਼ਰ ਨਾਲ ਦੇਖ ਰਹੇ ਹਨ। ਉੱਨਾਂ ਦੀ ਚਿੰਤਾ ਹੈ ਕਿ ਸੰਸਾਰ ਵਿੱਚੋਂ ਬਹੁਤ ਸਾਰੀਆਂ ਬੋਲੀਆਂ ਖਤਮ ਹੋ ਚੁੱਕੀਆਂ ਹਨ ਅਤੇ ਕਈ ਖਤਮ ਹੋਣ ਕਿਨਾਰੇ ਹਨ। ਏਸੇ ਕਰਕੇ ਹੀ ਉਹਨਾਂ ਨੇ ਅੱਜ ਤੋਂ ਲਗਭਗ ਸਵਾ ਦੋ ਸਾਲ ਪਹਿਲਾਂ ਮਹਿਸੂਸ ਕੀਤਾ ਕਿ ਸਾਡੀ ਨਵੀਂ ਨਸਲ ਸਾਡੇ ਸੱਭਿਆਚਾਰ ਅਤੇ ਮਾਂ ਬੋਲੀ ਪੰਜਾਬੀ ਨੂੰ ਵਿਸਾਰ ਰਹੀ ਹੈ। ਇਸ ਫਿਕਰਮੰਦੀ ਨੂੰ ਉੱਨਾਂ ਨੇ ਆਪਣੇ ਪੰਜਾਬ ਅਤੇ ਕੈਨੇਡਾ ਵੱਸਦੇ ਦੋਸਤਾਂ ਨਾਲ ਸਾਂਝਾ ਕੀਤਾ ਤਾਂ ਇਸ ਦਾ ਹੱਲ 'ਨਵੀਆਂ ਕਲਮਾਂ-ਨਵੀਂ ਉਡਾਣ ਲੱਭਾ। ਮਤਲਬ ਕਿ ਮਾਂ ਬੋਲੀ ਨੂੰ ਬਚਾਉਣ ਲਈ ਸਾਡੀ ਅਗਲੀ ਪੀੜ੍ਹੀ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਨਵੀਂ ਪੀੜ੍ਹੀ ਨੂੰ ਮਾਂ ਬੋਲੀ ਨਾਲ ਜੋੜਨ ਦਾ ਤਰੀਕਾ ਇਹ ਸੁਝਾਇਆ ਗਿਆ ਕਿ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਸਾਹਿਤ ਨਾਲ ਜੋੜਿਆ ਜਾਵੇ। ਬੱਚਿਆਂ ਤੋਂ ਸਾਹਿਤਕ ਰਚਨਾਵਾਂ ਲਿਖਾਈਆਂ ਜਾਣ ਅਤੇ ਉੱਨਾਂ ਨੂੰ ਕਿਤਾਬੀ ਰੂਪ ਵਿੱਚ ਛਾਪਿਆ ਜਾਵੇ। ਉੱਨਾਂ ਕਿਤਾਬਾਂ ਨੂੰ ਰਲੀਜ਼ ਕਰਨ ਤੱਕ ਦਾ ਸਾਰਾ ਖਰਚ 'ਪੰਜਾਬ ਭਵਨ ਸਰੀ' ਵੱਲੋਂ ਕੀਤਾ ਜਾਵੇਗਾ।



ਬੀਤੇ ਦਿਨ ਇੱਕ ਮੁਲਾਕਾਤ ਵਿੱਚ ਸੁੱਖੀ ਬਾਠ ਜੀ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅੱਜ ਤੋਂ 26 ਮਹੀਨੇ ਪਹਿਲਾਂ ਇਸ ਪ੍ਰੋਜੈਕਟ ਦੀ ਸ਼ੁਰੂਆਤ ਪੰਜਾਬ ਤੋਂ ਕੀਤੀ ਗਈ ਸੀ। ਪੰਜਾਬ ਤੋਂ ਬਾਅਦ ਇਹ ਸਕੀਮ ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ,ਰਾਜਸਥਾਨ ਅਤੇ ਮਹਾਰਾਸ਼ਟਰ ਵਿੱਚ ਵੀ ਸ਼ੁਰੂ ਕੀਤੀ ਗਈ। ਇਸ ਸਮੇਂ ਪੂਰੇ ਭਾਰਤ ਵਿੱਚ 28 ਟੀਮਾਂ ਕੰਮ ਕਰ ਰਹੀਆਂ ਹਨ ਅਤੇ ਪੂਰੇ ਵਿਸ਼ਵ ਵਿੱਚ ਇਸ ਵੇਲੇ 38 ਟੀਮਾਂ ਸਰਗਰਮ ਹਨ। ਜ਼ਿਲੇ ਦੀ ਟੀਮ ਵਿੱਚ ਘੱਟੋਘੱਟ 11 ਮੈ ?ਂਬਰ ਹੁੰਦੇ ਹਨ ਅਤੇ ਟੀਮ ਦਾ ਮੁਖੀ ਜ਼ਿਲਾ ਪ੍ਰਧਾਨ ਹੁੰਦਾ ਹੈ। ਭਾਰਤ ਤੋਂ ਬਾਹਰ ਇਹ ਪ੍ਰੋਜੈਕਟ ਪਾਕਿਸਤਾਨ,ਇੰਗਲੈਂਡ, ਫਰਾਂਸ, ਕੈਨੇਡਾ, ਇਟਲੀ, ਆਸਟਰੇਲੀਆ, ਅਮਰੀਕਾ ਅਤੇ ਯੂਗਾਂਡਾ ਵਿੱਚ ਚੱਲ ਰਿਹਾ ਹੈ। ਇਸ ਸਕੀਮ ਤਹਿਤ 10 ਸਾਲ ਤੋਂ ਲੈ ਕੇ 18 ਸਾਲ ਦੇ ਵਿਦਿਆਰਥੀਆਂ ਨੂੰ ਸ਼ਾਮਲ ਕੀਤਾ ਗਿਆ ਹੈ। 35 ਸਕੂਲਾਂ ਦੀ ਸਾਹਿਤ ਸਮੱਗਰੀ ਇੱਕ ਕਿਤਾਬ ਵਿੱਚ ਛਾਪੀ ਜਾਂਦੀ ਹੈ ਅਤੇ ਇੱਕ ਕਿਤਾਬ ਲਗਭਗ 100 ਪੰਨੇ ਦੀ ਹੁੰਦੀ ਹੈ। ਜਦੋਂ ਇਹ ਕਿਤਾਬ ਛਪ ਕੇ ਤਿਆਰ ਹੋ ਜਾਂਦੀ ਹੈ ਤਾਂ ਜ਼ਿਲਾ ਪੱਧਰ ਦਾ ਵੱਡਾ ਸਮਾਗਮ ਰੱਖਿਆ ਜਾਂਦਾ ਹੈ। ਪੰਜਾਬ ਦੇ ਨਾਮਵਰ ਬਾਲ-ਸਾਹਿਤ ਲੇਖਕਾਂ ਅਤੇ ਵਿਸ਼ੇਸ਼ ਸ਼ਖਸ਼ੀਅਤਾਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਕੀਤਾ ਜਾਂਦਾ ਹੈ।

ਸੁੱਖੀ ਬਾਠ ਖੁਦ ਕੈਨੇਡਾ ਤੋਂ ਪਹੁੰਚ ਕੇ ਟੀਮ ਅਤੇ ਬੱਚਿਆਂ ਦੀ ਹਰ ਤਰਾਂ ਨਾਲ ਹੌਸਲਾਅਫਜ਼ਾਈ ਕਰਦੇ ਹਨ। ਖਾਸ ਗੱਲ ਇਹ ਹੈ ਕਿ ਬਾਠ ਸਾਹਿਬ ਦੀ ਹਾਜ਼ਰੀ ਵਿੱਚ ਬੱਚੇ ਆਪਣੀਆਂ ਰਚਨਾਵਾਂ ਆਪ ਪੇਸ਼ ਕਰਕੇ ਉਨਾਂ ਤੋਂ ਇਨਾਮ ਹਾਸਲ ਕਰਦੇ ਹਨ। ਸੁੱਖੀ ਬਾਠ ਜੀ ਨੇ ਦੱਸਿਆ ਕਿ ਫਰਵਰੀ 2026 ਵਿੱਚ 18 ਕਿਤਾਬਾਂ ਰਲੀਜ਼ ਕੀਤੀਆਂ ਜਾ ਰਹੀਆਂ ਹਨ। ਉੱਨਾਂ ਅਪੀਲ ਕੀਤੀ ਕਿ ਪੰਜਾਬੀ ਪਿਆਰੇ, ਬੁੱਧੀਜੀਵੀ,ਚਿੰਤਕ ਅਤੇ ਲੇਖਕ ਇਸ ਪ੍ਰੋਜੈਕਟ ਨਾਲ ਜੁੜ ਕੇ ਸਹਿਯੋਗ ਕਰਨ ਤਾਂ ਕਿ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਦਾ ਮਾਣ-ਸਤਿਕਾਰ ਪੂਰੀ ਦੁਨੀਆਂ ਵਿੱਚ ਵਧਾ ਸਕੀਏ ਅਤੇ ਪੰਜਾਬੀ ਬੋਲੀ ਰਹਿੰਦੀ ਦੁਨੀਆਂ ਤੱਕ ਚੜ੍ਹਦੀ ਕਲਾ ਵਿੱਚ ਰਹੇ।

Homestead
partners
Development Group

ਘਰ ਨੂੰ ਪਿਆਰ
ਜੀਵਨਸ਼ੈਲੀ ਨੂੰ ਪਿਆਰ
ਕੀਮਤਾਂ ਨੂੰ ਪਿਆਰ




ਅਸਲੀ ਕੀਮਤ ਇੱਥੇ ਹੈ
ਅਤੇ ਤੁਹਾਨੂੰ ਵੀ ਇਹੀ ਚਾਹੀਦੀ ਹੈ।

ਇਹ ਸਭ ਕੁਝ ਹੋਮਸਟੇਡ ਵਿੱਚ ਹੈ, ਉੱਤਰ-ਪੂਰਬੀ ਭਾਈਚਾਰਾ ਜੋ ਹੈਰਾਨੀਜਨਕ ਤੌਰ 'ਤੇ ਕਿਫਾਇਤੀ ਨਵੇਂ ਘਰਾਂ ਨੂੰ ਕੁਦਰਤ, ਸੰਪਰਕ ਅਤੇ ਸਹੂਲਤ ਨਾਲ ਜੋੜਦਾ ਹੈ। ਖੁੱਲ੍ਹੀਆਂ ਥਾਵਾਂ, ਸਥਾਨਕ ਸਹੂਲਤਾਂ, ਸਵਾਗਤ ਕਰਨ ਵਾਲੇ ਗੁਆਂਢੀ, ਅਤੇ ਵਿਸ਼ਾਲ ਪਹਾੜੀ ਦ੍ਰਿਸ਼ ਸਭ ਇੱਕ ਅਜਿਹੀ ਜਗ੍ਹਾ ਬਣਾਉਣ ਲਈ ਇਕੱਠੇ ਹੁੰਦੇ ਹਨ ਜੋ ਜ਼ਮੀਨੀ ਅਤੇ ਪਿਆਰ ਕਰਨ ਵਿੱਚ ਆਸਾਨ ਮਹਿਸੂਸ ਹੁੰਦੀ ਹੈ।

ਇਹ ਦੋਸਤਾਨਾ, ਜਾਣੂ ਅਤੇ ਜੀਵਨ ਨਾਲ ਭਰਪੂਰ ਹੈ, ਅਤੇ ਇਹ ਇੱਕ ਆਂਢ-ਗੁਆਂਢ ਤੋਂ ਵੱਧ ਹੈ। ਇਹ ਤੁਹਾਡਾ ਹੋਮਸਟੇਡ ਹੈ

ਪ੍ਰੀਮੀਅਮ ਕਮਿਊਨਿਟੀ ਸਹੂਲਤਾਂ:
* 4 ਕਿਲੋਮੀਟਰ ਪੈਦਲ ਰਸਤੇ
* 19 ਏਕੜ ਕੁਦਰਤੀ ਵੈਟਲੈਂਡ
* ਖੇਡ ਦੇ ਮੈਦਾਨ ਅਤੇ ਖੇਡ ਕੋਰਟ
* ਕ੍ਰਿਕਟ ਪਿੱਚ, ਫੁੱਟਬਾਲ ਦੇ ਮੈਦਾਨ ਅਤੇ ਹੋਰ ਬਹੁਤ ਕੁੱਝ

Duplex Homes
FROM THE HIGH $490s
Partners Homes

Rear Laned Homes
FROM THE MID $500s
Excel Homes & Trico Homes

Front Drive Homes
FROM THE HIGH $600s
Excel Homes, Genesis Builders & Trico Homes

Visit our stylish showhomes today
Homestead
plant your roots
Find maps, hours, builders and more at LiveInHomestead.ca

# ਸਾਹਿਤਕ ਅਤੇ ਸੱਭਿਆਚਾਰਕ ਖ਼ੁਸ਼ਬੂਆਂ ਦਾ ਵਣਜਾਰਾ ਪ੍ਰੋ.ਗੁਰਭਜਨ ਸਿੰਘ ਗਿੱਲ



ਉਜਾਗਰ ਸਿੰਘ

**ਉਹ ਆਪਣੀਆਂ ਗ਼ਜ਼ਲਾਂ ਵਿੱਚ ਲਿਖਦਾ ਹੈ ਕਿ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਮਿਹਨਤ, ਦਲੇਰੀ, ਸਿਰੜ੍ਹ ਅਤੇ ਆਪਣੇ ਆਪੇ ਦੀ ਪੁਣ-ਛਾਣ ਕਰਨ ਦੀ ਲੋੜ ਹੁੰਦੀ ਹੈ। ਕਈ ਵਾਰ ਕੁਝ ਪ੍ਰਾਪਤ ਕਰਨ ਲਈ ਗੁਆਉਣਾ ਵੀ ਪੈਂਦਾ ਹੈ। ਇਨਸਾਨ ਨੂੰ ਆਪਣੀ ਔਕਾਤ ਨਹੀਂ ਭੁਲਣੀ ਚਾਹੀਦੀ। ਕਈ ਲੋਕ ਮੁਖੌਟੇ ਪਹਿਨੀ ਬੈਠੇ ਹਨ। ਅੰਦਰੂਨੀ ਅਤੇ ਬੈਰੂਨੀ ਲੜਾਈ ਦੇ ਖ਼ਤਰਨਾਕ ਨਤੀਜਿਆਂ ਬਾਰੇ ਵੀ ਲਿਖਦਾ ਹੈ। ਪੰਜਾਬ ਵਿੱਚ ਖ਼ਾਨਾਜੰਗੀ ਦੀ ਡੋਰ ਕਿਸਦੇ ਹੱਥ ਸੀ, ਉਸ ਬਾਰੇ ਵੀ ਸਵਾਲ ਕਰਦਾ ਹੈ। ਰਾਜਨੀਤਕ ਲੋਕ ਅਤੇ ਅਫ਼ਸਰਸ਼ਾਹੀ ਪਰਿਵਾਰਵਾਦ ਵਿੱਚ ਫਸੀ ਹੋਈ ਵਿਖਾਈ ਗਈ ਹੈ। ਸਿਆਸਤਦਾਨ ਹਰ ਅਹੁਦਾ ਆਪਣੇ ਕਬਜ਼ੇ ਤੋਂ ਬਾਹਰ ਨਹੀਂ ਜਾਣ ਦਿੰਦੇ। ਉਹ ਲਿਖਦਾ ਹੈ ਕਿ ਸਿਆਸਤਦਾਨਾ ਦੇ ਸਤਾਏ ਲੋਕ ਇੱਕ-ਨਾ-ਇੱਕ ਦਿਨ ਤਾਕਤ ਖੋਹ ਲੈਣਗੇ, ਕਿਉਂਕਿ ਚੁੱਪ ਦਾ ਪਿਆਲਾ ਜਦੋਂ ਭਰ ਜਾਵੇਗਾ ਤਾਂ ਉਛਾਲ ਜ਼ਰੂਰ ਆਏਗਾ, ਜੋ ਤੂਫ਼ਨ ਬਣਕੇ ਹੂੰਝਾ ਫੇਰੇਗਾ। ਇਸ ਲਈ ਇਨਸਾਨ ਨੂੰ ਐਨਾ ਮਾਣ ਨਹੀਂ ਕਰਨਾ ਚਾਹੀਦਾ। ਆਦਮੀ ਆਪਣੀ ਗ਼ਰਜ ਪੂਰੀ ਕਰਨ ਲਈ ਫ਼ਰਜਾਂ ਨੂੰ ਭੁੱਲ ਜਾਂਦਾ ਹੈਂ ਤਾਂ ਫਿਰ ਉਹ ਜੀਂਦੇ ਜੀਅ ਮਰ ਜਾਂਦਾ ਹੈ।**

ਗੁਰਭਜਨ ਸਿੰਘ ਗਿੱਲ ਨੂੰ ਸਾਹਿਤਕ ਖ਼ੇਤਰ ਦੀਆਂ ਵਿਲੱਖਣ ਪ੍ਰਾਪਤੀਆਂ ਕਰਕੇ 7 ਫ਼ਰਵਰੀ 2026 ਨੂੰ ਪੰਜਾਬ ਗੌਰਵ ਪੁਰਸਕਾਰ ਪ੍ਰਦਾਨ ਕੀਤਾ ਗਿਆ. ਪੰਜਾਬੀ ਸ਼ਾਇਰੀ ਵਿੱਚ ਨਵੀਆਂ ਪੈੜਾ ਪਾ ਕੇ ਨਵੇਂ ਬਿੰਬ ਤੇ ਅਲੰਕਾਰ ਸਿਰਜਣ ਵਾਲਾ ਪ੍ਰੋ.ਗੁਰਭਜਨ ਸਿੰਘ ਗਿੱਲ ਸਥਾਪਤ ਗ਼ਜ਼ਲਕਾਰ ਹੈ, ਜਿਸ ਦੀਆਂ ਸਾਰੀਆਂ ਰਚਨਾਵਾਂ ਸਮਾਜਿਕ ਸਰੋਕਾਰਾਂ ਦੇ ਆਲੇ ਦੁਆਲੇ ਹੀ ਘੁੰਮਦੀਆਂ ਹਨ। ਉਸ ਨੂੰ ਸਮਾਜਿਕ ਤੌਰ ਤੇ ਸੁਜੱਗ ਅਤੇ ਜਾਗਰੂਕ ਕਵੀ ਕਿਹਾ ਜਾ ਸਕਦਾ ਹੈ। ਪ੍ਰੋ.ਗੁਰਭਜਨ ਸਿੰਘ ਗਿੱਲ ਦੀ ਵਿਚਾਰਧਾਰਾ ਅਤੇ ਚਿੰਤਨ ਲੋਕਾਂ ਦੇ ਦਰਦ ਦੀ ਤਰਜਮਾਨੀ ਕਰਦੀ ਵਿਖਾਈ ਦਿੰਦੀ ਹੈ। ਉਸਨੇ ਪੰਜਾਬੀ ਦੀ ਐਮ.ਏ.ਆਨਰਜ ਪਾਸ ਕੀਤੀ ਹੋਈ ਹੈ। ਰੋਜਗਾਰ ਦੇ ਸੰਬੰਧ ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਆਪਣਾ ਕਰਮ ਖੇਤਰ 1983 ਵਿੱਚ ਬਣਾਇਆ, ਵਿੱਚ ਉਹ ਖੇਤੀਬਾੜੀ ਸਾਹਿਤ ਦੀ ਸੰਪਾਦਨਾ ਦਾ ਲਗਾਤਾਰ 30 ਸਾਲ ਕੰਮ ਕਰਦਾ ਰਿਹਾ ਅਤੇ ਇੱਥੇ ਰਹਿੰਦਿਆਂ ਹੀ ਸਾਹਿਤਕ ਵਿਅਕਤੀਆਂ ਅਤੇ ਸੰਸਥਾਵਾਂ ਨਾਲ ਵਿੱਚਰਣ ਦਾ ਇਤਫ਼ਾਕ ਬਣਿਆਂ ਰਿਹਾ। ਪੰਜਾਬੀ ਸਾਹਿਤ ਜਗਤ ਦਾ ਬਹੁ-ਰੰਗਾ, ਬਹੁ-ਪੱਖੀ, ਰੰਗਲਾ ਸੱਜਣ ਅਤੇ ਹਰਫ਼ਨਮੌਲਾ ਸਾਹਿਤਕਾਰ ਪ੍ਰੋ.ਗੁਰਭਜਨ ਸਿੰਘ ਗਿੱਲ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ, ਜਿਸਦੀ ਕਲਮ ਸਾਹਿਤਕ ਖੇਤਰ ਵਿੱਚ ਖਲਬਲੀ ਮਚਾਉਂਦੀ ਹੋਈ ਪੰਜਾਬੀਅਤ ਦਾ ਝੰਡਾ ਚੁੱਕੀ ਬੁਲੰਦੀਆਂ ਨੂੰ ਛੋਹ ਰਹੀ ਹੈ। ਉਸਦੀ ਪੰਜਬੀ ਭਾਸ਼ਾ ਦੀ ਦੇਣ ਦੀ ਕਦਰ ਕਰਦਿਆਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਨੇ ਉਨ੍ਹਾਂ ਨੂੰ ਆਪਣਾ ਸਰਵਉਚ ਸਨਮਾਨ ਫੈਲੋਸ਼ਿਪ ਦੇਣ ਦਾ ਫੈਸਲਾ ਕੀਤਾ ਸੀ। ਪ੍ਰੋ.ਗੁਰਭਜਨ ਸਿੰਘ ਗਿੱਲ ਨੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਵੱਖ-ਵੱਖ ਅਹੁਦਿਆਂ ਤੇ 20 ਸਾਲ ਸੇਵਾ ਕੀਤੀ ਹੈ। 2010 ਤੋਂ 2014 ਤੱਕ ਇਸ ਅਕਾਡਮੀ ਦੇ ਉਹ ਸਫਲ ਪ੍ਰਧਾਨ ਰਹੇ ਹਨ। ਪ੍ਰੋ.ਗੁਰਭਜਨ ਸਿੰਘ ਗਿੱਲ ਇੱਕ ਸੁਲਝਿਆ ਹੋਇਆ ਗ਼ਜ਼ਲਕਾਰ, ਕਵੀ ਅਤੇ ਗਲਪਕਾਰ ਹੈ, ਜਿਸ ਦੀਆਂ ਹੁਣ ਤੱਕ ਆਪਣੀਆਂ 15 ਮੌਲਿਕ ਅਤੇ 5 ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੀ ਨਹੀਂ ਹੋਈਆਂ, ਬਲਕਿ ਪੜ੍ਹੀਆਂ ਗਈਆਂ ਹਨ। ਪ੍ਰੋ.ਗੁਰਭਜਨ ਸਿੰਘ ਗਿੱਲ ਦੀਆਂ ਰਚਨਾਵਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਪਾਠਕਾਂ ਲਈ ਬੋਝ ਨਹੀਂ ਬਣਦੀਆਂ, ਬਲਕਿ ਸਾਦੀ, ਸਰਲ ਅਤੇ ਸ਼ਪਸ਼ਟ ਭਾਸ਼ਾ ਵਿੱਚ ਲਿਖੀਆਂ ਹੋਣ ਕਰਕੇ ਪਾਠਕ ਲਈ ਪੜ੍ਹਨ ਦੀ ਉਤੇਜਨਾ ਵਿੱਚ ਵਾਧਾ ਕਰਦੀਆਂ ਹੋਈਆਂ ਅਰਥ ਭਰਪੂਰ ਹੋਣ ਕਰਕੇ ਪਾਠਕ ਦੇ ਮਨ ਤੇ ਆਪਣਾ ਗਹਿਰਾ ਪ੍ਰਭਾਵ ਛੱਡਦੀਆਂ ਹਨ। ਪਾਠਕ ਉਸਦੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਪੜ੍ਹਦਿਆਂ ਸ਼ਰਸਾਰ ਹੋ ਜਾਂਦਾ ਹੈ। ਸਾਹਿਤਕ ਖ਼ੁਸ਼ਬੂ ਪਾਠਕ ਦੀ ਮਾਨਸਿਕਤਾ ਦੀ ਰੂਹ ਦੀ ਖ਼ੁਰਾਕ ਬਣ ਜਾਂਦੀ ਹੈ। ਗ਼ਜ਼ਲ ਨੂੰ ਆਮ ਤੌਰ ਤੇ ਇਸਤਰੀਗ ਲੰਗ ਸਮਝਿਆ ਜਾਂਦਾ ਹੈ। ਗ਼ਜ਼ਲ ਰੁਮਾਂਸਵਾਦ ਦਾ ਪ੍ਰਤੀਕ ਵੀ ਗਿਣੀ ਜਾਂਦੀ ਹੈ, ਪ੍ਰੰਤੂ ਪ੍ਰੋ.ਗੁਰਭਜਨ ਸਿੰਘ ਗਿੱਲ ਦੀਆਂ ਰੁਮਾਂਟਿਕ ਗ਼ਜ਼ਲਾਂ ਵੀ ਸਮਾਜਿਕ ਸਰੋਕਾਰਾਂ ਦੀ ਪਿਉਂਦ ਵਿੱਚ ਲਿਪਟੀਆਂ ਹੋਈਆਂ ਸਾਹਿਤਕ ਮਹਿਕ ਨਾਲ ਲਬਰੇਜ਼ ਹੁੰਦੀਆਂ ਹਨ, ਜਿਹੜੀਆਂ ਪਾਠਕਾਂ ਨੂੰ ਕਈ ਦਿਸ਼ਾਵਾਂ ਵੱਲ ਲੈ ਤੁਰਦੀਆਂ ਹਨ। ਪਾਠਕ ਇਹੋ ਅੰਦਾਜ਼ੇ ਲਾਉਂਦਾ ਰਹਿ ਜਾਂਦਾ ਹੈ ਕਿ ਪ੍ਰੋ.ਗੁਰਭਜਨ ਸਿੰਘ ਗਿੱਲ ਦੀ ਸੂਈ ਕਿਸ ਨੁਕਤੇ ਵੱਲ ਇਸ਼ਾਰਾ ਕਰਦੀ ਹੈ। ਉਸ ਦੀਆਂ ਲਿਖਤਾਂ ਬਹੁ-ਪੱਖੀਤੇ ਬਹੁ-ਪਰਤੀ ਰੰਗਤਾਂ ਵੱਲ ਇਸ਼ਾਰੇ ਕਰਦੀਆਂ ਹਨ। ਇੱਕ ਗ਼ਜ਼ਲ ਵਿੱਚ ਹੀ ਕਈ ਨੁਕਤੇ ਉਠਾਏ ਹੁੰਦੇ ਹਨ। ਪਾਠਕ ਆਪਣੀ ਵਿਚਾਰਧਾਰਾ ਜਾਂ ਸਮਝ ਅਨੁਸਾਰ ਅਰਥ ਕੱਢਦੇ ਰਹਿੰਦੇ ਹਨ। ਗ਼ਜ਼ਲਾਂ ਦੇ ਵਿਸ਼ੇ, ਭਾਈਚਾਰਕ ਸਾਂਝ, ਕਿਸਾਨੀ, ਰਾਜਨੀਤਕ, ਸਮਾਜਿਕ, ਆਰਥਿਕ, ਸਮਾਜਿਕ ਨਾਬਰਾਬਰੀ, ਨਸ਼ੇ, ਭਰੂਣ ਹੱਤਿਆ, ਪਦਾਰਥਵਾਦ, ਅਨਿਆਇ ਆਦਿ ਅਣਗਿਣਤ ਮੁੱਦਿਆਂ ਦੇ ਦੁਆਲੇ ਘੁੰਮਦੇ ਹਨ। ਸਮਾਜ ਵਿੱਚ ਤੱਤਕਾਲੀਨ ਵਾਪਰ ਰਹੀਆਂ ਘਟਨਾਵਾਂ ਅਤੇ ਚਲੰਤ ਮਸਲੇ ਵੀ ਉਸ ਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦਾ ਵਿਸ਼ਾ ਬਣਦੇ ਹਨ। ਉਹ ਕਿਸੇ ਵੀ ਵਿਅਕਤੀ, ਸਮਾਜਿਕ ਸੰਸਥਾ ਅਤੇ ਸਿਆਸੀ ਪਾਰਟੀਆਂ ਨੂੰ ਬਖ਼ਸ਼ਦਾ ਨਹੀਂ, ਪ੍ਰੰਤੂ ਮਿੱਠੇ ਮਿੱਠੇ ਤੁਣਕੇ ਮਾਰਦਾ ਆਪਣਾ ਕਿੰਤੂ ਪ੍ਰੰਤੂ ਕਰਦਾ ਹੋਇਆ ਆਪਣੀ ਗੱਲ ਕਹਿ ਜਾਂਦਾ ਹੈ।

ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਦੱਸ ਰਹੀਆਂ ਹੁੰਦੀਆਂ ਹਨ ਕਿ ਸਾਡਾ ਸਮਾਜ ਪਦਾਰਥਵਾਦੀ ਹੈ, ਸਾਹਿਤਕ ਖ਼ਜਾਨੇ ਦਾ ਮੁੱਲ ਨਹੀਂ ਪਾਉਂਦਾ, ਉਸਨੂੰ ਪੜ੍ਹਨ ਦੀ ਹੀ ਖੇਚਲ ਨਹੀਂ ਕਰਦਾ, ਸਗੋਂ ਉਸ ਅਮੀਰ ਖ਼ਜਾਨੇ ਦਾ ਨਿਰਾਦਰ ਕਰਦਾ ਹੋਇਆ ਆਪਣੇ ਗੁਨਾਹਾਂ ਤੋਂ ਡਰਦਾ ਆਪੇ ਵਿਚੋਂ ਬਾਹਰ ਹੀ ਨਹੀਂ ਨਿਕਲ ਰਿਹਾ। ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਆਪਣੀ ਵੋਟ ਦੀ ਅਹਿਮੀਅਤ ਨੂੰ ਸਮਝਦਾ ਹੀ ਨਹੀਂ, ਸਗੋਂ ਗ਼ੈਰ ਸਮਾਜੀ ਸਿਆਸਤਦਾਨਾ ਹੱਥ ਆਪਣੇ ਭਵਿਖ ਨੂੰ ਫੜਾ ਦਿੰਦਾ ਹੈ। ਅਫ਼ਸਰਸ਼ਾਹੀ ਅਤੇ ਰਾਜਨੀਤਕ ਲੋਕ ਆਪਸ ਵਿੱਚ ਅੰਦਰਖ਼ਾਤੇ ਮਿਲੇ ਹੋਣ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਨਹੀਂ ਹੋ ਰਹੇ। ਚੋਰ ਤੇ ਸਾਧ ਵੀ ਰਲੇ ਹੋਏ ਹਨ। ਸਾਹਿਤਕ ਇਨਾਮ ਵੀ ਅਸਰਰਸੂਖ਼ਾਂ ਦੀ ਝੋਲੀ ਪੈਂਦੇ ਹਨ। ਉਸ ਦੀਆਂ ਗ਼ਜ਼ਲਾਂ ਲੋਕਾਂ ਨੂੰ ਦੁੱਖਾਂ ਦਾ ਮੁਕਾਬਲਾ ਕਰਨ ਲਈ ਪ੍ਰੇਰਦੀਆਂ ਹਨ। ਗ਼ਜ਼ਲਾਂ ਦੇ ਰੰਗ ਵਿਲੱਖਣ ਹੁੰਦੇ ਹਨ, ਕਦੀਂ ਵੱਡੇ ਸਰਮਾਏਦਾਰਾਂ ਵੱਲੋਂ ਛੋਟੇ ਦੁਕਾਨਦਾਰਾਂ ਦੇ ਹੱਕਾਂ ਨੂੰ ਹੜੱਪਣ ਦੀ ਗੱਲ ਕਰਦੀਆਂ ਹਨ ਅਤੇ ਕਦੀਂ ਸ਼ਹਿਰੀ ਜੀਵਨ ਦੇ ਪੇਂਡੂ ਜੀਵਨ ਨੂੰ ਪ੍ਰਭਾਵਤ ਕਰਨ ਦਾ ਹੋਕਾ ਦਿੰਦੀਆਂ ਹਨ, ਕਦੀਂ ਕਿਸਾਨੀ ਦੀ ਦੁਰਦਸ਼ਾ ਦੀ ਗੱਲ ਕਰਦੀਆਂ ਹਨ, ਕਦੀਂ ਧਾਰਮਿਕ ਲੋਕਾਂ ਵੱਲੋਂ ਧਰਮ ਦੇ ਨਾਂ ਤੇ ਉਨ੍ਹਾਂ ਨੂੰ ਭੜਕਾਉਣ ਦੇ ਗੰਭੀਰ ਨਤੀਜਿਆਂ ਬਾਰੇ ਖ਼ਦਸ਼ਾ ਪ੍ਰਗਟਾਉਂਦੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਪ੍ਰੋ.ਗੁਰਭਜਨ ਸਿੰਘ ਗਿੱਲ ਸਮਾਜਿਕ ਢਾਂਚੇ ਤੇ ਕਿੰਤੂ-ਪ੍ਰੰਤੂ ਕਰਦਿਆਂ ਫਿਟਕਾਰਾਂ ਵੀ ਪਾਉਂਦਾ ਹੈ, ਪ੍ਰੰਤੂ ਮਿੱਠ-ਮਿੱਠੇ, ਸਹਿੰਦੇ-ਸਹਿੰਦੇ, ਕੋਸੇ-ਕੋਸੇ, ਨਿਹੋਰੇ ਤੇ ਟਕੋਰਾਂ ਕਰਕੇ ਉਨ੍ਹਾਂ ਨੂੰ ਸ਼ਰਮਿੰਦਾ ਕਰਦਾ ਹੈ। ਨਾਲ ਦੀ ਨਾਲ ਮਰਮ ਦਾ ਫੰਬਾ ਵੀ ਧਰ ਦਿੰਦਾ ਹੈ, ਕਿਉਂਕਿ ਸਾਹਿਤਕ ਦਿਲ ਕਿਸੇ ਨੂੰ ਠੋਸ ਪਹੁੰਚਾਉਣੀ ਨਹੀਂ ਚਾਹੁੰਦਾ, ਪ੍ਰੰਤੂ ਆਪਣੀ ਗੱਲ ਕਹੇ ਬਿਨਾ ਰਹਿ ਵੀ ਨਹੀਂ ਸਕਦਾ। ਉਸ ਦੀਆਂ ਗ਼ਜ਼ਲਾਂ ਵਿੱਚ ਮਨੁੱਖ ਦੀ ਆਦਮਖ਼ੋਰ ਫ਼ਿਤਰਤ ਨੂੰ ਦਰਸਾਇਆ ਗਿਆ ਹੁੰਦਾ ਹੈ, ਜੋ ਸੱਚ ਤੇ ਪਹਿਰਾ ਦੇਣ ਤੋਂ ਝਿਜਕਦਾ ਹੈ। ਅਸਲੀਅਤ ਨੂੰ ਜਾਣਦਾ ਹੋਇਆ ਵੀ ਪਾਸਾ ਵੱਟਕੇ ਗਰਜ ਪੂਰੀ ਕਰਨ ਲਈ ਫ਼ਰਜਾਂ ਨੂੰ ਤਿਲਾਂਜਲੀ ਦੇ ਦਿੰਦਾ ਹੈ। ਜਦੋਂ ਸਾਧ ਤੇ ਚੋਰ ਮਿਲੇ ਹੋਏ ਹਨ ਤਾਂ ਲੋਕਾਂ ਨੂੰ ਇਨਸਾਫ਼ ਕਿਥੋਂ ਮਿਲਣਾ ਹੈ। ਉਹ ਲੋਕਾਂ ਨੂੰ ਅਹਿਸਾਸ ਕਰਵਾਉਂਦਾ ਹੈ ਕਿ ਔਹਦੇ ਤੇ ਕੁਰਸੀਆਂ ਸਦਾ ਨਹੀਂ ਰਹਿਣੇ। ਸੱਚ ਦਾ ਮਾਰਗ ਛੱਡਕੇ ਜਾਂਬਾਜ ਨਹੀਂ ਬਣਿਆਂ ਜਾ ਸਕਦਾ। ਅਜਿਹੇ ਅਨੇਕਾਂ ਸਵਾਲ ਪ੍ਰੋ.ਗੁਰਭਜਨ ਸਿੰਘ ਗਿੱਲ ਦੀਆਂ ਗ਼ਜ਼ਲਾਂ ਕਰਦੀਆਂ ਹਨ। ਇਨਸਾਨ ਦੀ ਮਾਨਸਿਕ ਤ੍ਰਿਪਤੀ ਕਦੀਂ ਪੂਰੀ ਨਹੀਂ ਹੁੰਦੀ। ਧੱਕੇ ਅਤੇ ਜ਼ੋਰ ਜ਼ਬਰਦਸਤੀ ਨਾਲ ਪ੍ਰਾਪਤ ਕੀਤੀ ਜਾਇਦਾਦ ਕਦੀਂ ਵੀ ਸਥਾਈ ਨਹੀਂ ਰਹਿ ਸਕਦੀ ਕਿਉਂਕਿ ਵਿਕਾਊ ਮਾਲ ਦੀ ਅਣਖ਼ ਨਹੀਂ ਹੁੰਦੀ। ਇਸ ਲਈ ਇਨਸਾਨ ਨੂੰ ਆਪਣੀ ਸੋਚ ਬਦਲਣੀ ਪਵੇਗੀ। ਫੋਕੇ ਦਾਅਵਿਆਂ ਨਾਲ ਕੁਝ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਨਸਾਫ ਦੀ ਲੜਾਈ ਬਿਨਾ ਲੜਿਆਂ ਜਿੱਤੀ ਨਹੀਂ ਜਾ ਸਕਦੀ। ਪਾਪ ਦਾ ਭਾਂਡਾ ਆਖ਼ਰ ਡੋਬਣਾ ਹੀ ਪੈਂਦਾ। ਹਓਮੈ ਨੂੰ ਮਾਰਕੇ ਹੀ ਇਨਸਾਨੀਅਤ ਦਾ ਪੱਲਾ ਫੜਿਆ ਜਾ ਸਕਦੈ। ਹਥਿਆਰਾਂ ਨਾਲੋਂ ਸ਼ਬਦਾਂ ਦੇ ਤੀਰ ਜ਼ਿਆਦਾ ਤਾਕਤਵਰ ਹੁੰਦੇ ਹਨ। ਜਿਹੜੇ ਲੋਕ ਮੰਜ਼ਲ ਵੱਲ ਵੱਧਦੇ ਨਹੀਂ ਉਨ੍ਹਾਂ ਲਈ ਰਸਤਿਆਂ ਦੇ ਕੋਈ ਅਰਥ ਨਹੀਂ ਹੁੰਦੇ। ਸਾਡੇ ਦੇਸ਼ ਦੇ ਲੋਕ ਮਾਨਸਿਕ ਤੌਰ ਤੇ ਅਜ਼ਾਦ ਨਹੀਂ ਹੋਏ। ਕੁਰਸੀ ਲਈ ਜ਼ਮੀਰ ਮਾਰ ਲੈਂਦੇ ਹਨ। ਸੱਚ ਨੂੰ ਹਮੇਸ਼ਾ ਵੰਗਾਰਾਂ ਦਾ ਮੁਕਾਬਲਾ ਕਰਨਾ ਪੈਂਦਾ ਹੈ, ਪ੍ਰੰਤੂ ਆਖ਼ਰ ਜਿੱਤ ਸੱਚ ਦੀ ਹੀ ਹੁੰਦੀ ਹੈ। ਪੂਜਾ ਸਥਾਨਾ ਬਾਰੇ ਵੀ ਪ੍ਰੋ.ਗੁਰਭਜਨ ਸਿੰਘ ਗਿੱਲ ਦੀਆਂ ਗ਼ਜ਼ਲਾਂ ਸਾਫ਼ ਤੌਰ 'ਤੇ ਕਹਿੰਦੀਆਂ ਹਨ ਕਿ ਸੰਗਮਰਮਰ ਲਗਾਉਣ ਨਾਲੋਂ ਵਿਚਾਰਧਾਰਾ ਤੇ ਅਮਲ ਕਰਨਾ ਜ਼ਰੂਰੀ ਹੈ। ਇਨਸਾਨ ਪਦਾਰਥਵਾਦੀ ਯੁਗ ਵਿੱਚ ਭੱਟਕਿਆ ਪਿਆ ਹੈ। ਇਸ ਭੱਟਕਣਾ ਵਿਚੋਂ ਨਿਕਲਣਾ ਜ਼ਰੂਰੀ ਹੈ। ਪੰਜਾਬ ਦੇ ਮਾੜੇ ਦਿਨਾ ਵੱਲ ਇਸ਼ਾਰਾ ਕਰਦੀਆਂ ਉਸ ਦੀਆਂ ਗ਼ਜ਼ਲਾਂ ਧਰਮ ਦੇ ਠੇਕੇਦਾਰਾਂ ਵੱਲੋਂ ਨੌਜਵਾਨਾ ਨੂੰ ਲਾਰੇ ਲਾ ਕੇ ਭੜਕਾਉਣ ਸਮੇਂ ਪੁਲਿਸ, ਸਿਆਸਤਦਾਨਾ ਅਤੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਤੇ ਨਿਸ਼ਾਨੀਆ ਚਿੰਨ੍ਹ ਲਗਾਉਂਦੀਆਂ ਹਨ।ਉਹ ਆਪਣੀਆਂ ਗ਼ਜ਼ਲਾਂ ਵਿੱਚ ਲਿਖਦਾ ਹੈ ਕਿ ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਮਿਹਨਤ, ਦਲੇਰੀ, ਸਿਰੜ੍ਹ ਅਤੇ ਆਪਣੇ ਆਪੇ ਦੀ ਪੁਣ-ਛਾਣ ਕਰਨ ਦੀ ਲੋੜ ਹੁੰਦੀ ਹੈ। ਕਈ ਵਾਰ ਕੁਝ ਪ੍ਰਾਪਤ ਕਰਨ ਲਈ ਗੁਆਉਣਾ ਵੀ ਪੈਂਦਾ ਹੈ। ਇਨਸਾਨ ਨੂੰ ਆਪਣੀ ਔਕਾਤ ਨਹੀਂ ਭੁਲਣੀ ਚਾਹੀਦੀ। ਕਈ ਲੋਕ ਮੁਖੌਟੇ ਪਹਿਨੀ ਬੈਠੇ ਹਨ। ਅੰਦਰੂਨੀ ਅਤੇ ਬੈਰੂਨੀ ਲੜਾਈ ਦੇ ਖ਼ਤਰਨਾਕ ਨਤੀਜਿਆਂ ਬਾਰੇ ਵੀ ਲਿਖਦਾ ਹੈ। ਪੰਜਾਬ ਵਿੱਚ ਖ਼ਾਨਾਜੰਗੀ ਦੀ ਡੋਰ ਕਿਸਦੇ ਹੱਥ ਸੀ, ਉਸ ਬਾਰੇ ਵੀ ਸਵਾਲ ਕਰਦਾ ਹੈ। ਰਾਜਨੀਤਕ ਲੋਕ ਅਤੇ ਅਫ਼ਸਰਸ਼ਾਹੀ ਪਰਿਵਾਰਵਾਦ ਵਿੱਚ ਫਸੀ ਹੋਈ ਵਿਖਾਈ ਗਈ ਹੈ। ਸਿਆਸਤਦਾਨ ਹਰ ਅਹੁਦਾ ਆਪਣੇ ਕਬਜ਼ੇ ਤੋਂ ਬਾਹਰ ਨਹੀਂ ਜਾਣ ਦਿੰਦੇ। ਉਹ ਲਿਖਦਾ ਹੈ ਕਿ ਸਿਆਸਤਦਾਨਾ ਦੇ ਸਤਾਏ ਲੋਕ ਇੱਕ-ਨਾ-ਇੱਕ ਦਿਨ ਤਾਕਤ ਖੋਹ ਲੈਣਗੇ, ਕਿਉਂਕਿ ਚੁੱਪ ਦਾ ਪਿਆਲਾ ਜਦੋਂ ਭਰ ਜਾਵੇਗਾ ਤਾਂ ਉਛਾਲ ਜ਼ਰੂਰ ਆਏਗਾ, ਜੋ ਤੂਫ਼ਨ ਬਣਕੇ ਹੂੰਝਾ ਫੇਰੇਗਾ। ਇਸ ਲਈ ਇਨਸਾਨ ਨੂੰ ਐਨਾ ਮਾਣ ਨਹੀਂ ਕਰਨਾ ਚਾਹੀਦਾ। ਆਦਮੀ ਆਪਣੀ ਗ਼ਰਜ ਪੂਰੀ ਕਰਨ ਲਈ ਫ਼ਰਜਾਂ ਨੂੰ ਭੁੱਲ ਜਾਂਦਾ ਹੈਂ ਤਾਂ ਫਿਰ ਉਹ ਜੀਂਦੇ ਜੀਅ ਮਰ ਜਾਂਦਾ ਹੈ। ਆਦਰਸ਼ਾਂ ਤੇ ਚਲਣ ਨਾਲ ਸਫਲਤਾ ਮਿਲਦੀ ਹੈ। ਵਾਤਾਵਰਨ ਪ੍ਰਤੀ ਬਹੁਤ ਹੀ ਸੁਚੇਤ ਗ਼ਜ਼ਲਕਾਰ ਬੇਰਹਿਮੀ ਨਾਲ ਦਰੱਖਤਾਂ ਦੀ ਕਟਾਈ ਬਾਰੇ ਚਿੰਤਾਤੁਰ ਹੈ, ਕਿਉਂਕਿ ਦਰੱਖਤਾਂ ਦੇ ਕੱਟਣ ਨਾਲ ਵਾਤਾਰਨ ਗੰਧਲਾ ਹੋ ਜਾਂਦਾ ਹੈ, ਜਿਸ ਕਰਕੇ ਸਾਹ ਲੈਣਾ ਵੀ ਔਖਾ ਹੁੰਦਾ ਹੈ ਅਤੇ ਅਨੇਕਾਂ ਬਿਮਾਰੀਆਂ ਲੋਕਾਈ ਨੂੰ ਘੇਰ ਲੈਂਦੀਆਂ ਹਨ।



ਪ੍ਰੋ.ਗੁਰਭਜਨ ਸਿੰਘ ਗਿੱਲ

ਪ੍ਰੋ.ਗੁਰਭਜਨ ਸਿੰਘ ਗਿੱਲ ਦਾ ਜਨਮ ਗੁਰਦਾਸਪੁਰ ਜਿਲ੍ਹੇ ਦੇ ਕੋਟ ਬਸੰਤ ਪਿੰਡ ਵਿੱਚ 2 ਮਈ 1953 ਨੂੰ ਮਾਤਾ ਤੇਜ ਕੌਰ ਅਤੇ ਪਿਤਾ ਹਰਨਾਮ ਸਿੰਘ ਦੇ ਘਰ ਹੋਇਆ। ਉਨ੍ਹਾਂ ਆਪਣੀ ਪ੍ਰਾਇਮਰੀ ਦੀ ਸਿਖਿਆ ਆਪਣੇ ਪਿੰਡ ਅਤੇ ਦਸਵੀਂ ਤੱਕ ਦੀ ਪੜ੍ਹਾਈ ਪਿੰਡ ਧਿਆਨਪੁਰ ਤੋਂ ਪ੍ਰਾਪਤ ਕੀਤੀ। 11ਵੀਂ ਅਤੇ 12ਵੀ ਕਾਲਾ ਅਫ਼ਗਾਨਾ ਕਾਲਜ ਤੋਂ ਕਰਨ ਉਪਰੰਤ ਬੀ.ਏ.ਜੀ.ਜੀ.ਐਨ.ਕਾਲਜ ਲੁਧਿਆਣਾ ਅਤੇ ਐਮ.ਏ.ਪੰਜਾਬੀ ਸਰਕਾਰੀ ਕਾਲਜ ਲੁਧਿਆਣਾ ਤੋਂ ਪਾਸ ਕਰਕੇ 1976 ਵਿੱਚ ਨੈਸ਼ਨਲ ਕਾਲਜ ਦੋਰਾਹਾ ਵਿਖੇ ਪੰਜਾਬੀ ਦੇ ਲੈਕਚਰਾਰ ਲੱਗ ਗਏ। ਉਨ੍ਹਾਂ ਦਾ ਸਾਰਾ ਪਰਿਵਾਰ ਹੀ ਪੜ੍ਹਿਆ ਲਿਖਿਆ ਹੈ। ਭੈਣ ਮਨਜੀਤ ਕੌਰ ਅਤੇ ਭਰਾ ਜਸਵੰਤ ਸਿੰਘ ਦੋਵੇਂ ਪ੍ਰਿੰਸੀਪਲ ਅਤੇ ਭਰਾ ਸੁਖਵੰਤ ਸਿੰਘ ਪ੍ਰੋਫੈਸਰ ਸੇਵਾ ਮੁਕਤ ਹੋਏ ਹਨ। ਲੁਧਿਆਣਾ ਕਿਉਂਕਿ ਸਾਹਿਤਕ ਅਤੇ ਸਭਿਆਚਾਰਕ ਕੇਂਦਰ ਸੀ, ਇੱਥੇ ਹੀ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ਕਾਲਜ ਵਿੱਚ ਪੜ੍ਹਦਿਆਂ ਹੀ ਉਸਨੂੰ ਪੰਜਾਬ ਯੂਨੀਵਰਸਿਟੀ ਨੇ ਸ਼ਿਵ ਕੁਮਾਰ ਬਟਾਲਵੀ ਗੋਲਡ ਮੈਡਲ ਦੇ ਕੇ ਸਨਮਾਨਤ ਕੀਤਾ। ਇਸ ਤੋਂ ਬਾਅਦ ਐਸੀ ਸਾਹਿਤਕ ਜਾਗ ਲੱਗੀ ਮੁੜਕੇ ਪਿੱਛੇ ਨਹੀਂ ਵੇਖਿਆ। 1977 ਵਿੱਚ ਲਾਜਪਤ ਰਾਏ ਕਾਲਜ ਜਗਰਾਓਂ ਵਿੱਚ ਨੌਕਰੀ ਕਰ ਲਈ 1983 ਤੱਕ ਉਥੇ ਹੀ ਪੜ੍ਹਾਉਂਦੇ ਰਹੇ। 1983 ਵਿੱਚ ਉਨ੍ਹਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸੀਨੀਅਰ ਸੰਪਾਦਕ ਪੰਜਾਬੀ ਦਾ ਅਹੁਦਾ ਸੰਭਾਲ ਲਿਆ, ਜਿਥੋਂ 2013 ਵਿੱਚ ਸੇਵਾ ਮੁਕਤ ਹੋਏ। ਪ੍ਰੋ.ਗੁਰਭਜਨ ਸਿੰਘ ਗਿੱਲ ਦੀ ਪਹਿਲੀ ਪੁਸਤਕ ਸ਼ੀਸ਼ਾ ਝੂਠ ਬੋਲਦਾ ਹੈ 1978 ਵਿੱਚ ਪ੍ਰਕਾਸ਼ਤ ਹੋਈ। ਉਨ੍ਹਾਂ ਨੂੰ 1979 ਵਿੱਚ ਭਾਈ ਵੀਰ ਸਿੰਘ ਅਵਾਰਡ ਨਾਲ ਸਨਮਾਨਿਆਂ ਗਿਆ। ਉਸਨੂੰ ਬਹੁਤ ਸਾਰੇ ਮਾਨ ਸਨਮਾਨ ਸਾਹਿਤਕ ਸੰਸਥਾਵਾਂ ਵੱਲੋਂ ਦਿੱਤੇ ਗਏ ਜਿਨ੍ਹਾਂ ਵਿੱਚ 2013 ਵਿੱਚ ਭਾਸ਼ਾ ਵਿਭਾਗ ਵੱਲੋਂ ਸ਼ਰੋਮਣੀ ਪੰਜਾਬੀ ਕਵੀ, ਬਲਵਿੰਦਰ ਰਿਸ਼ੀ ਮੈਮੋਰੀਅਲ ਗ਼ਜ਼ਲ ਅਵਾਰਡ, ਸੁਰਜੀਤ ਰਾਮਪੁਰੀ ਅਵਾਰਡ, ਪ੍ਰਿੰਸੀਪਲ ਸੰਤ ਸਿੰਘ ਸੇਖੋਂ ਮੈਮੋਰੀਅਲ ਗੋਲਡ ਮੈਡਲ, ਸਫਦਰ ਹਾਸ਼ਮੀ ਲਿਟਰੇਰੀ ਅਵਾਰਡ, ਐਸ.ਐਸ.ਮੀਸ਼ਾ, ਅਵਾਰਡ, ਪ੍ਰੋ.ਪੂਰਨ ਸਿੰਘ ਅਵਾਰਡ, ਸੁੰਦਰ ਸਿੰਘ ਅਵਾਰਡ, ਬਾਵਾ ਬਲਵੰਤ ਅਵਾਰਡ, ਭਗਤ ਨਾਮਦੇਵ ਅਵਾਰਡ ਮਹਾਰਾਸ਼ਟਰ ਸਰਕਾਰ, ਸ਼ਿਵ ਕੁਮਾਰ ਬਟਾਲਵੀ ਅਵਾਰਡ, ਪ੍ਰੋ.ਮੋਹਨ ਸਿੰਘ ਅਵਾਰਡ ਸ਼ਾਮਲ ਹਨ। ਪ੍ਰੋ.ਗੁਰਭਜਨ ਸਿੰਘ ਗਿੱਲ ਬਹੁਤ ਸਾਰੀਆਂ ਸਾਹਿਤਕ ਸੰਸਥਾਵਾਂ ਦੇ ਚੇਅਰਮੈਨ ਅਤੇ ਮੈਂਬਰ ਹਨ। ਪ੍ਰੋ.ਮੋਹਨ ਸਿੰਘ ਮੇਲੇ ਨੂੰ ਜਗਦੇਵ ਸਿੰਘ ਜਸੋਵਾਲ ਨਾਲ ਮਿਲਕੇ ਅੰਤਰਰਾਸ਼ਟਰੀ ਮਾਣਤਾ ਦਿਵਾਈ।ਗੁਰਭਜਨ ਗਿੱਲ ਚੇਤੰਨ ਗ਼ਜ਼ਲਕਾਰ ਹੈ, ਜਿਹੜਾ ਸਮਾਜ ਪ੍ਰਤੀ ਬਹੁਤ ਹੀ ਸੰਜੀਦਾ ਹੈ ਕਿਉਂਕਿ ਸਮਾਜ ਵਿੱਚ ਵਾਪਰਨ ਵਾਲੀ ਹਰ ਘਟਨਾ ਉਸਦੇ ਸਾਹਿਤਕ ਮਨ ਨੂੰ ਜਖ਼ਮੀ ਕਰ ਜਾਂਦੀ ਹੈ ਤੇ ਫਿਰ ਉਹ ਆਪਣੀ ਕਲਮ ਦੇ ਸ਼ਬਦ ਰੂਪੀ ਬਾਣ ਚਲਾਉਣ ਲੱਗਿਆਂ ਕਿਸੇ ਨੂੰ ਵੀ ਮੁਆਫ ਨਹੀਂ ਕਰਦਾ। ਨਸ਼ੇ, ਬਲਾਤਕਾਰ, ਆਪਣੇ ਘਰਾਂ ਵਿੱਚ ਹੀ ਲੜਕੀਆਂ ਦੀ ਬੇਹੁਰਮਤੀ, ਧਾਰਮਿਕ ਗ੍ਰੰਥਾਂ ਦੀ ਬੇਅਦਬੀ, ਖ਼ੁਦਕਸ਼ੀਆਂ ਅਤੇ ਹੋਰ ਅਨੇਕਾਂ ਸਿਲਸਿਲਿਆਂ ਬਾਰੇ ਬੇਖ਼ੌਫ਼ ਹੋ ਕੇ ਟਿਪਣੀਆਂ ਕਰਦਾ ਹੈ।

# ਪਿੰਡ ਅਖਾੜਾ ਨੇੜੇ ਜਗਰਾਉਂ ਨਹਿਰੀ ਕੋਠੀ

## ਪਿੰਡ ਅਖਾੜਾ 'ਤੇ ਬਾਬੂ ਰਜਬ ਅਲੀ ਇੱਕ ਸਾਂਝ....1940 ਤੋਂ ਪਹਿਲਾਂ ਦੀ......



ਇਹ ਗੱਲ 1994-95 ਦੀ...ਉਦੋਂ ਇਕੱਠੇ ਪਰਿਵਾਰਾਂ ਦਾ ਰਿਵਾਜ ਸੀ 'ਤੇ ਥਾਂ-ਥਾਂ 'ਤੇ ਘਰ ਹੀ ਘਰ ਨੀ ਉਸਾਰੇ ਗਏ ਸੀ....ਅੱਡੇ ਤੋਂ ਨਹਿਰ ਦੇ ਪੁਲ ਤੱਕ ਬਾਹਲੇ ਘਰ ਨਹੀਂ ਸਨ...ਅੱਡੇ ਦੇ ਸੱਜੇ ਪਾਸੇ ਮੱਘਰ ਬਾਬੇ ਦੀ ਸਾਈਕਲਾਂ ਦੀ ਦੁਕਾਨ ,ਨਾਲ ਹੀ ਮਿਸਤਰੀਆਂ ਦੀ ਆਟੇ ਦੀ ਚੱਕੀ,ਫੇਰ ਸੜ੍ਹਕ ਤੋਂ ਥੋੜ੍ਹਾ ਹਟਵਾਂ ਨੰਬਰਦਾਰਾਂ ਦਾ ਘਰ,ਨਾਲ ਬਾਬਾ ਪਿਆਰਾ ਸਿੰਘ 'ਤੇ ਪੰਚਾਇਤ ਅਫ਼ਸਰ ਬਾਬਾ ਹੁਸ਼ਿਆਰ ਸਿੰਘ ਹੋਣਾਂ ਦੇ ਘਰ,ਸੜ੍ਹਕ ਦੇ ਉੱਤੇ ਬਾਬਾ ਵਰਿਆਮ ਸਿੰਘ ਦੀ ਹੱਟੀ 'ਤੇ ਹੋਰ ਇੱਕ -ਦੋ ਘਰ....ਅੱਡੇ ਦੇ ਖੱਬੇ ਪਾਸੇ ਬਾਬਾ ਸਰਪੰਚ ਦਲੀਪ ਸਿੰਘ ਦਾ ਘਰ ਸੀ ਬੱਸ।

ਸੱਜੇ -ਖ਼ੱਬੇ ਏਨੀ ਕੁ ਵੱਸੋਂ ਤੋਂ ਬਾਅਦ ਸੜ੍ਹਕ 'ਤੇ ਸੀ ਸਾਡਾ ਪਿਆਰਾ ਸਕੂਲ। ਸਕੂਲ ਤੋਂ ਡੇਢ ਕਿਲੋਮੀਟਰ ਬਾਅਦ ਉਹ ਸਿੱਧੀ ਪੱਕੀ ਸੜ੍ਹਕ ਜਗਰਾਉਂ-ਰਾਏਕੋਟ ਵਾਲੀ ਮੁੱਖ ਸੜ੍ਹਕ ਨਾਲ ਮਿਲ ਜਾਂਦੀ ਸੀ।

ਉੱਥੇ ਸਥਿਤ ਹੈ ਨਹਿਰੀ ਕੋਠੀ ਅਖਾੜਾ...ਜਦ ਵੀ ਡੈਡੀ ਜੀ ਦੇ ਨਾਲ ਸਕੂਟਰ 'ਤੇ ਜਾਣਾ ਸ਼ਹਿਰ ਵੱਲ ਨੂੰ,ਅਕਸਰ ਕਹਿਣਾ...ਡੈਡੀ ਜੀ,ਮੈਂ ਇਹ ਕੋਠੀ ਵੇਖਣੀ,ਕਿਵੇਂ ਦੇ ਅੰਦਰ ਕਮਰੇ ਨੇ,ਕਿਵੇਂ ਦੇ ਕੁਆਟਰ ਪਾਏ ਅੰਗਰੇਜ਼ਾਂ ਨੇ....ਕੌਣ ਲੋਕ ਇੱਥੇ ਰਹਿੰਦੇ ਹੁਣ...ਅਲੋਕਾਰੀ ਜਿਹੀ ਲੱਗਦੀ ਰਹਿੰਦੀ ਸੀ ਇਹ ਕੋਠੀ....ਡੈਡੀ ਨੇ ਕਹਿਣਾ ਕਿ ਨਹਿਰੀ ਮਹਿਕਮੇ ਵਾਲੇ ਲੋਕ ਰਹਿੰਦੇ ਨੌਕਰੀ ਪੇਸ਼ਾ ਬੱਸ ....ਹੋਰ ਕੌਣ ਆ ਉਰੇ...ਪਰ ਮਨ ਜਿਹੇ 'ਚ ਹੀ ਕਹਿ ਲੈਣਾ ..... ਏਨੀ ਹਿੰਮਤ ਨੀ ਸੀ ਹੁੰਦੀ ਕਿ ਮੂੰਹੋਂ ਬੋਲ ਕੇ ਕਹਿ ਦੇਈਏ ਜਾਂ ਜ਼ਿੱਦ ਕਰੀਏ ਕਿ ਮਨ ਕਰਦਾ....ਮਨ-ਮੁਨ ਦੀ ਗੱਲ ਕਰਨ ਦਾ ਰਿਵਾਜ ਹੀ ਨਹੀਂ ਸੀ ਉਦੋਂ...ਖ਼ੈਰ! ਇਹ ਰੀਝ,ਰੀਝ ਹੀ ਰਹੀ!

ਅਖਾੜਾ ਪਿੰਡ ਦੀ ਇਹ ਨਹਿਰੀ ਕੋਠੀ ਬਾਬੂ ਰਜਬ ਅਲੀ ਜੀ ਦੀ ਰਿਹਾਇਸ਼ਗਾਹ ਰਹੀ....ਓਵਰਸੀਅਰ ਦੀ ਨੌਕਰੀ ਕਰਦਿਆਂ ਉਹ ਉੱਥੇ ਰਹੇ....ਮੈਨੂੰ ਲੱਗਦਾ ਸਾਡੇ ਪਿੰਡ ਅਖਾੜਾ ਨੂੰ ਸੱਚੀਂ ਉਹਨਾਂ ਨੇ ਬਹੁਤ ਨੀਝ ਨਾਲ ਵਾਚਿਆ ਹੋਣਾ, ਉਹਨਾਂ ਦੀ ਲਿਖਤ ਵਿੱਚ ਪਿੰਡ ਦਾ ਜ਼ਿਕਰ ਆਉਣਾ,ਸਾਡੇ ਪਿੰਡ ਪ੍ਰਤੀ ਪਿਆਰ ਦੀ ਭਾਵਨਾ ਨੂੰ ਵੀ ਦਰਸਾਉਂਦਾ ਜਾਪਦਾ...ਬਾਬੂ ਰਜਬ ਅਲੀ ਜੀ ਦੀ ਰਚਨਾ ਸ਼ੇਅਰ ਕਰਨ ਲੱਗੀ ਆਂ.........

**੧. ਆਵੇ ਵਤਨ ਪਿਆਰਾ ਚੇਤੇ**

**॥ਤਰਜ਼ ਅਮੋਲਕ॥**

ਮੰਨ ਲਈ ਜੋ ਕਰਦਾ ਰੱਬ ਪਾਕਿ ਐ।
ਆਉਂਦੀ ਯਾਦ ਵਤਨ ਦੀ ਖ਼ਾਕ ਐ।
ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ।
ਹਾਏ ! ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ।
ਭੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ, ਬਣੀ ਮੁਸੀਬਤ ਕੇਹੀ ਐ ?

ਜਾਂਦੇ ਲੋਕ ਨਗਰ ਦੇ ਰਸ ਬੂ।
ਪਿੰਡ ਦੀ ਪਾਉਣ ਫੁੱਲਾਂ ਦੀ ਖ਼ੁਸ਼ਬੂ।
ਹੋ ਗਿਆ ਜਿਗਰ ਫਾੜੀਉਂ-ਫਾੜੀ।
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਸੋਹਣੀਏ 'ਸਾਹੋ' ਪਿੰਡ ਦੀਏ ਵੀਹੇ।
ਬਚਪਨ ਦੇ ਵਿਚ ਪੜ੍ਹੇ 'ਬੰਬੀਹੇ'।
ਚੂਰੀ ਖੁਆ ਮਾਂ ਪਾਤੇ ਰਸਤੇ।
ਚੱਕ ਲਏ ਕਲਮ ਦਵਾਤਾਂ ਬਸਤੇ।
ਸ਼ੇਰ, ਨਿਰੰਜਣ, ਮਹਿੰਗੇ ਨੇ।
ਭੁਲਦੀਆਂ ਨਾ ਭਰਜਾਈਆਂ, ਪਾਈਆਂ ਘੁੰਬਰਾਂ ਲਹਿੰਗੇ ਨੇ।

ਪੰਜ ਪਾਸ ਕਰਕੇ ਤੁਰ ਗਏ ਮੋਗੇ।
ਮਾਪਿਆਂ ਜਿਉਂਦਿਆਂ ਤੋਂ ਸੁਖ ਭੋਗੇ।
ਪੈਸੇ ਖਾ ਮਠਿਆਈਆਂ ਬਚਦੇ।
ਵੇਂਹਦੇ ਸ਼ਹਿਰ ਸੜਕ ਪਰ ਨਚਦੇ,
ਠੁੰਮ੍ਹ ਠੁੰਮ੍ਹ ਚਕਦੇ ਪੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਕਰ ਐਂਟਰੈਂਸ ਪਾਸ ਸਕੂਲੋਂ।
ਓਵਰਸੀਅਰ ਬਣੇਂ ਰਸੂਲੋਂ।
ਜ਼ਿਲੇ ਪਸ਼ੌਰ ਨਹਿਰ ਵਿੱਚ ਭਰਤੀ।
ਦੌਲਤ ਪਾਣੀ ਵਾਂਗੂੰ ਵਰਤੀ।
ਬਹੁਤ ਬਹਾਰਾਂ ਮਾਣੀਆਂ।
ਸੁਰਖ਼ ਮਖ਼ਮਲਾਂ ਵਰਗੇ, ਫਿਰਨ ਪਠਾਣ ਪਠਾਣੀਆਂ।

ਬਦਲੇ ਜਗਰਾਵਾਂ ਕੋਲੇ 'ਖਾੜੇ'।
ਵਰ੍ਹਦੀਆਂ ਕਣੀਆਂ ਰੂਪ ਦੀਆਂ 'ਤਿਹਾੜੇ'।
ਅਫ਼ਲਾਤੂਨ ਵਰਗੀਆਂ ਅਕਲਾਂ।
ਗੱਭਰੂ ਮੁਟਿਆਰਾਂ ਪਰ ਸ਼ਕਲਾਂ,
ਸੋਹਣੀ ਬਣ ਗਈ ਛੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਜਬ ਜੰਗ ਕਰਦੇ ਬਿਰਟਸ਼-ਜਰਮਣ।
'ਬਸਰੇ' ਵਗ ਗਿਆ ਮਾਂ ਦਾ ਸਰਬਣ।
ਮੁਲਕ ਉਹ ਕੋਹਾਂ ਕਾਫ਼ਾਂ ਤੋਂ ਨੇੜੇ।
ਮਾਰੇ ਸਬਜ਼ ਸ਼ਹਿਰ ਵੱਲ ਗੇੜੇ,
ਵਹਾਂ ਟਿਕਾਣੇ ਪਰੀਆਂ ਦੇ।
ਅਜਬ ਨਜਾਰੇ ਦੇਖੇ, ਰੱਬ ਦੀਆਂ ਕਾਰਾਗਰੀਆਂ ਦੇ।

ਮੁੜ ਪਿਆ ਵੇਖਣ ਪਿੰਡ ਦੀਆਂ ਗਲੀਆਂ।
ਪਿੰਡ ਦੀਆਂ ਮਿੱਟੀਆਂ, ਖੰਡ ਦੀਆਂ ਡਲੀਆਂ।
ਬਾਂਕੇ ਗੱਭਰੂ ਦਿਲ ਨੂੰ ਮੋਹਣੇ।
ਬਿਲਡਿੰਗ ਨਿਊਯਾਰਕ ਤੋਂ ਸੋਹਣੇ,
ਰਹੇ ਚੁਬਾਰੇ ਫੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਮੁਕਤਸਰ, ਢਿੱਪਾਂ ਵਾਲੀ, ਮਹਾਂ ਵੱਧਰ।
ਨੀਤਾਂ ਸਾਫ਼, ਦਿਲਾਂ ਦੇ ਪੱਧਰ।
ਲੋਗ ਐ ਇਨ ਨਗਰਾਂ ਦੇ ਦਾਤੇ।
ਮਾਘੀ ਨ੍ਹਾਉਣ 'ਤੇ ਬੋਹਲ ਲੁਟਾ ਤੇ।
ਦਾਣੇ ਪੀਹਣ ਮਸ਼ੀਨਾਂ ਤੇ।
ਬਚੜੇ ਜਿਉਣ ਸਦਾ ਸੁਖ ਮਾਣਨ, ਬਣ ਗਿਆ ਸੁਰਗ ਜ਼ਮੀਨਾਂ ਤੇ ।

ਖ਼ੁਸ਼ੀਆਂ ਕਰਨ ਦੀਵਾਨ ਲਗਾਉਂਦੇ।
ਸੈਣੇ ਵਜਦੇ ਸ਼ਬਦ ਸੁਣਾਉਂਦੇ।
ਆਉਂਦੇ ਪਰਚਾਰਕ ਤੇ ਢਾਡੀ,
ਤੜਕੇ ਉੱਠ ਕੇ ਧੋਂਦੇ ਬਾਡੀ,
ਸ਼ਾਇਰ ਸੁਣਾਉਂਦੇ ਕਬਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਆ ਗਏ ਬਦਲ ਮੁਕਤਸਰੋਂ 'ਢਹਿਪਈ'।
ਬਾਗ਼ੀਂ ਬੁਲਬੁਲ ਕਰੇ ਚਹਿਚਹਿ ਪਈ।
ਵੇਖੇ ਕੋਟ ਫ਼ਰੀਦ ਦੁਸਹਿਰੇ।
ਹੋਵਣ ਲਗਦੇ ਫ਼ੈਰ ਦੁਪਹਿਰੇ,
ਤੋਪਚੀ ਤੋਪ ਚਲਾਵਣ ਜੀ।
ਪਾਪ ਕਰਿਉ ਨਾ, ਪਾਪੀ, ਹਰ ਸਾਲ ਸੜਦਾ ਰਾਵਣ ਜੀ।

ਆ ਗਏ 'ਕੈਰੇ' ਬੜੀ ਆਬਾਦੀ,
ਚਾਹਾਂ ਪੀ ਕੇ ਗੁੱਡਣ ਕਮਾਦੀ।
ਲਾ ਲਏ ਖੇਤ-ਖੇਤ ਵਿੱਚ ਕੂੰਏਂ,
ਖੰਡ ਦੀਆਂ ਡਲੀਆਂ ਨਿਕਲਣ ਧੂੰਏਂ,
ਖਾਂਡ ਬਣਾਉਂਦੇ ਸਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਫੇਰ ਮੈਨੂੰ 'ਚੱਕ' ਦਾ ਸੈਕਸ਼ਨ ਦੇ ਗੇ।
ਜੱਗੂ ਰਾਮਣ ਜਾਂਦੇ ਬੇਗੇ।
ਸੋਹਣੇ ਮਿਰਜ਼ੇ ਵਰਗੇ ਲਾੜੇ,
ਬੱਬਰ ਮਾਰ ਸੰਗੀਨਾਂ ਪਾੜੇ,
ਚੜ੍ਹ ਕੇ 'ਚੱਕ' ਨੂੰ ਜਾਣਾ ਸੀ।
ਪੁਲਸੀਆਂ ਵਰਗੀ ਬਿਰਜਸ ਮੇਰਾ ਖਾਖੀ ਬਾਣਾ ਸੀ।

ਜਾਂ ਮੈਂ ਆਉਂਦੇ ਵੇਖੇ ਜਮ 'ਜਹੇ।
ਮੇਰੇ ਉਖੜੇ ਫਿਰਦੇ ਦਮ ਜਹੇ।
ਦੂਰੋਂ ਵੇਖ ਮੈਂ ਦੇ ਗਿਆ ਤੀੜਾਂ।
ਮੇਰੀਆਂ ਪੈਂਦੀਆਂ ਜਾਣ ਪਦੀੜਾਂ,
ਉਡਦੀ ਜਾਂਦੀ ਗੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

'ਸੀਤੋ', 'ਬਿਸ਼ਨਪੁਰੇ', 'ਸੁਖਚੈਨ' ਐ।
ਏਧਰ ਮਿਰਗ ਜ਼ਿਆਦਾ ਰਹਿਣ ਐ।
ਮੁਛਦੇ ਫਿਰਦੇ ਹਾੜੀ ਸਾਉਣੀ।
ਹੀਰਿਆਂ ਹਰਨਾਂ ਜਿਹਾਂ ਦੀ ਛਾਉਣੀ।
ਹੈ ਵਿੱਚ ਖੁਲ੍ਹੀਆਂ ਰੋਹੀਆਂ ਦੇ।
ਵੜਨ ਨਾ ਦੇਣ ਸ਼ਿਕਾਰੀ, ਬਾਰਾਂ ਪਿੰਡ ਬਿਸ਼ਨੋਈਆਂ ਦੇ।

'ਤਿਹੁਣੇ', 'ਰਾਇਕੇ', 'ਮਾਹੂਆਣੇ'।
'ਬਾਦਲ', 'ਖੁੱਡੀਆਂ', 'ਅਬੁਲ-ਖੁਰਾਣੇ',
ਕੁੱਲ ਸਰਦਾਰ ਨਵਾਬਾਂ ਵਰਗੇ,
ਕੋਠੇ ਨਰਮਿਆਂ ਦੇ ਨਾਲ ਭਰ ਗੇ,
ਇਨ ਪਰ ਰਾਜ਼ੀ ਰੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਬੈਠਾ 'ਬਾਜਕ', 'ਲੰਬੀ', 'ਸਹੁਜਾਂ'।
'ਜੰਘੀਰਾਣੇ' ਲੈ ਲੀਆਂ ਮੌਜਾਂ।
'ਝੁੰਬਾ', 'ਗਿਦੜਵਾਹਾ' ਤੇ 'ਚੁੱਘੇ'।
'ਬਾਬੂ ਰਜਬ ਅਲੀ' ਹੋਸ ਗਏ ਉੱਘੇ।
ਮੇਲੇ ਵੇਖ ਬਠਿੰਡੇ ਜੀ।
ਖਾੜੇ ਫ਼ਤਹਿ, ਅਜ਼ੀਜ਼ ਲਗਾਉਂਦੇ, ਜੈਸੇ ਟੀਕਣ ਬਿੰਡੇ ਜੀ।

ਸੁਣ ਜਗਮੇਲ, ਬਸੰਤ ਪਿਆਰਿਉ।
ਪਰ ਜਿੰਦ ਰੱਬ ਦੇ ਨਾਂ ਤੇ ਵਾਰਿਉ।
ਪੈਂਦਾ ਸੁੱਤਾ ਜਾਗ ਨਸੀਬਾ।
ਜਾਂਦਾ ਕਿਸਮਤ ਦੇ ਨਾਲ ਬੀਬਾ,
ਜਨਮ ਅਮੋਲਕ ਲੱਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

**ਲਖਵਿੰਦਰ ਕੌਰ ਸੰਧੂ**

# ਛਾਤੀ ਦਾ ਦੁੱਧ ਦਾਨ ਕਰਨ ਵਾਲੀ ਖਿਡਾਰਨ ਜਵਾਲਾ ਗੁੱਟਾ ਨੂੰ ਸਲਾਮ



**ਬਲਵਿੰਦਰ ਸਿੰਘ ਭੁੱਲਰ**

ਦਾਨ ਕੇਵਲ ਪੈਸੇ ਦਾ ਹੀ ਨਹੀਂ ਹੁੰਦਾ, ਬਲਕਿ ਬਹੁਤ ਪ੍ਰਕਾਰ ਦਾ ਹੁੰਦਾ ਹੈ। ਦਾਨ ਦਾ ਬਹੁਤਾ ਮਹੱਤਵ ਇਨਸਾਨੀ ਜਿੰਦਗੀ ਨਾਲ ਹੈ, ਇਸੇ ਕਰਕੇ ਵੱਖ ਵੱਖ ਤਰ੍ਹਾਂ ਦਾ ਦਾਨ ਕੀਤਾ ਜਾਂਦਾ ਹੈ, ਜਿਵੇਂ ਭੋਜਨ ਦਾਨ, ਦਵਾਈਆਂ ਦਾਨ, ਖ਼ੂਨ ਦਾਨ, ਅੰਗ ਦਾਨ ਆਦਿ। ਸਿਆਣੇ ਕਹਿੰਦੇ ਹਨ ਕਿ ਜੇਕਰ ਤੁਸੀਂ ਹੋਰ ਕੁੱਝ ਦਾਨ ਨਹੀਂ ਕਰ ਸਕਦੇ ਤਾਂ ਚੁੱਪ ਦਾ ਦਾਨ ਹੀ ਕਰੋ, ਇਹ ਵੀ ਕਿਸੇ ਦੁਖੀ ਜਾਂ ਮਰੀਜ ਲਈ ਰਾਹਤ ਪਹੁੰਚਾ ਸਕਦਾ ਹੈ। ਪ੍ਰਸਿੱਧ ਵਿਦਵਾਨ ਸ੍ਰੀ ਆਇਨ ਹੈਡ ਦਾ ਕਹਿਣਾ ਹੈ ਕਿ ਸਦੀਆਂ ਤੋਂ ਸੰਸਾਰ ਵਿੱਚ ਅਜਿਹੇ ਇਨਸਾਨ ਜਨਮ ਲੈਂਦੇ ਰਹੇ ਹਨ ਜਿਹਨਾਂ ਨੇ ਸਿਰਫ਼ ਆਪਣੀ ਸਮਝ ਨਾਲ ਲੈਸ ਹੋ ਕੇ ਨਵੇਂ ਰਸਤਿਆਂ ਉੱਤੇ ਤੁਰਨ ਦਾ ਹੌਸਲਾ ਕੀਤਾ ਹੈ। ਇਹ ਨਵੇਂ ਕੀਰਤੀਮਾਨ ਸਥਾਪਤ ਕਰਕੇ ਲੋਕਾਂ ਨੂੰ ਨਵੇਂ ਰਾਹ ਵਿਖਾਉਂਦੇ ਰਹੇ ਹਨ। ਹੁਣ ਅਜਿਹੀ ਇੱਕ ਭਾਰਤੀ ਖਿਡਾਰਨ ਜਵਾਲਾ ਗੁੱਟਾ ਨੇ ਦੁਨੀਆਂ ਤੋਂ ਵੱਖਰਾ ਕਰਕੇ ਵਿਖਾਇਆ ਹੈ, ਉਸਨੇ ਮਾਂ ਬਾਹਰੇ ਨਵਜੰਮੇ ਬੱਚਿਆਂ ਲਈ ਆਪਣੀ ਛਾਤੀ ਦਾ ਦੁੱਧ ਦਾਨ ਕਰਕੇ ਦਾਨ ਕਰਨ ਦੀ ਪ੍ਰਥਾ ਵਿੱਚ ਨਵੇਂ ਝੰਡੇ ਗੱਡ ਦਿੱਤੇ ਹਨ।



ਮਹਾਂਰਾਸ਼ਟਰ ਦੇ ਪਿੰਡ ਵਾਰਧਾ ਵਿੱਚ 1983 'ਚ ਜਨਮੀ ਜਵਾਲਾ ਗੁੱਟਾ ਛੇ ਸਾਲ ਦੀ ਉਮਰ ਵਿੱਚ ਹੀ ਬੈਡਮਿੰਟਨ ਖੇਡਣ ਲੱਗ ਗਈ ਸੀ। ਇੱਕ ਚੰਗੇ ਕੋਚ ਵੱਲੋਂ ਕਰਵਾਈ ਮਿਹਨਤ ਸਦਕਾ ਉਹ ਉੱਚਕੋਟੀ ਦੀ ਡਬਲਜ਼ ਬੈਡਮਿੰਟਨ ਖਿਡਾਰਨ ਬਣ ਗਈ। ਸਾਲ 2010 ਵਿੱਚ ਉਸਨੇ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ, 2011 ਵਿੱਚ ਅਰਜਨ ਐਵਾਰਡ ਹਾਸਲ ਕੀਤਾ ਅਤੇ 2016 'ਚ ਹੋਈਆਂ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਕੁਲ 316 ਮੈਚ ਜਿੱਤ ਕੇ ਉਹ ਭਾਰਤ ਦੀ ਸਭ ਤੋਂ ਵੱਧ ਜਿੱਤਾਂ ਹਾਸਲ ਕਰਨ ਵਾਲੀ ਖਿਡਾਰਨ ਬਣੀ। ਖੇਡਾਂ ਵਿੱਚ ਵੱਡੀਆਂ ਪ੍ਰਾਪਤੀਆਂ ਕਰਨ ਦੇ ਨਾਲ ਨਾਲ ਉਹ ਆਮ ਲੋਕਾਂ ਪ੍ਰਤੀ ਵੀ ਚਿੰਤਾ ਕਰਦੀ ਰਹਿੰਦੀ ਹੈ। ਉਹ ਸਮਾਜਿਕ ਕੁਰੀਤੀਆਂ ਵਿਰੁੱਧ ਹਮੇਸ਼ਾਂ ਆਵਾਜ਼ ਉਠਾਉਂਦੀ ਹੈ ਅਤੇ ਕੁਰੀਤੀਆਂ ਰੋਕਣ ਲਈ ਹਰ ਸੰਭਵ ਸਹਿਯੋਗ ਦੇਣ ਨੂੰ ਵੀ ਆਪਣਾ ਫ਼ਰਜ ਸਮਝਦੀ ਹੈ। ਉਹ ਖੇਡਾਂ, ਸਿੱਖਿਆ, ਸਿਹਤ ਲਈ ਲੋਕਾਂ ਦੀ ਮੱਦਦ ਕਰਨ ਤੋਂ ਇਲਾਵਾ ਔਰਤਾਂ ਦੇ ਹੱਕਾਂ ਤੇ ਬਰਾਬਰੀ ਅਤੇ ਮੁੰਡੇ ਕੁੜੀ ਦੇਂ ਲਿੰਗ ਅਨੁਪਾਤ ਨੂੰ ਘੱਟ ਕਰਨ ਵੱਲ ਹਮੇਸ਼ਾਂ ਧਿਆਨ ਦੇ ਕੇ ਸਹਿਯੋਗ ਕਰਨ ਵਿੱਚ ਜੁਟੀ ਰਹਿੰਦੀ ਹੈ।

ਉਸਦਾ ਸਾਲ 2021 ਵਿੱਚ ਸ੍ਰੀ ਵਿਸ਼ਨੂੰ ਵਿਸ਼ਾਲ ਨਾਲ ਵਿਆਹ ਹੋ ਗਿਆ, ਜੋ ਇੱਕ ਚੰਗੇ ਅਭਿਨੇਤਾ ਹਨ, ਜੋ ਉਸਦੇ ਸਮਾਜ ਭਲਾਈ ਕੰਮਾਂ ਵਿੱਚ ਸਾਥ ਦਿੰਦੇ ਹਨ। ਹੁਣ ਇਸ ਖਿਡਾਰਨ ਜਵਾਲਾ ਗੁੱਟਾ ਨੇ ਵਿਆਹ ਤੋਂ ਕਰੀਬ ਚਾਰ ਸਾਲ ਬਾਅਦ ਇੱਕ ਪੁੱਤਰੀ ਨੂੰ ਜਨਮ ਦਿੱਤਾ ਹੈ। ਉਸਨੇ ਆਪਣੀ ਬੱਚੀ ਦੀ ਤੰਦਰੁਸਤੀ ਲਈ ਆਪਣੀ ਛਾਤੀ ਦਾ ਦੁੱਧ ਪਿਲਾਉਣ ਨੂੰ ਤਰਜੀਹ ਦਿੱਤੀ, ਕਿਉਂਕਿ ਡਾਕਟਰਾਂ ਦਾ ਕਹਿਣਾ ਸੀ ਕਿ ਮਾਂ ਦਾ ਦੁੱਧ ਅੰਮ੍ਰਿਤ ਹੁੰਦਾ ਹੈ ਅਤੇ ਉਸ ਵਿੱਚ ਉਹ ਸਾਰੇ ਪੌਸ਼ਿਕ ਤੱਤ ਹੁੰਦੇ ਹਨ, ਜੋ ਇੱਕ ਬੱਚੇ ਨੂੰ ਤੰਦਰੁਸਤੀ ਤੇ ਵਾਧੇ ਲਈ ਲੋੜੀਂਦੇ ਹੁੰਦੇ ਹਨ। ਆਪਣੀ ਬੱਚੀ ਨੂੰ ਦੁੱਧ ਪਿਲਾਉਂਦਿਆਂ ਉਸਨੂੰ ਖਿਆਲ ਆਇਆ ਕਿ ਹਸਪਤਾਲਾਂ ਵਿੱਚ ਅਜਿਹੇ ਨਵਜੰਮੇ ਬੱਚੇ ਵੀ ਪਏ ਹਨ, ਜਿਹਨਾਂ ਦੀਆਂ ਮਾਵਾਂ ਨਹੀਂ ਹਨ। ਪਰ ਉਹ ਵੀ ਰਾਸ਼ਟਰ ਦਾ ਭਵਿੱਖ ਹਨ, ਉਹਨਾਂ ਨੂੰ ਵੀ ਅੰਮ੍ਰਿਤ ਦੀ ਜਰੂਰਤ ਹੈ। ਇਹਨਾਂ ਮਾਂ ਬਾਹਰੇ ਬੱਚਿਆਂ ਦੀ ਸੇਵਾ ਕਰਨਾ ਇੱਕ ਉੱਤਮ ਕੰਮ ਹੋ ਸਕਦਾ ਹੈ।ਆਪਣੇ ਅੰਦਰ ਪੈਦਾ ਹੋਏ ਇਹਨਾਂ ਵਿਚਾਰਾਂ ਤੇ ਗੌਰ ਕਰਕੇ ਉਸਨੇ ਅਜਿਹੇ, ਮਾਵਾਂ ਤੋਂ ਬਗੈਰ ਬੱਚਿਆਂ ਨੂੰ ਅੰਮ੍ਰਿਤ ਰੂਪੀ ਦੁੱਧ ਦੇਣ ਦਾ ਕੰਮ ਸੁਰੂ ਕਰ ਦਿੱਤਾ। ਹੁਣ ਉਹ ਆਪਣੀ ਬੇਟੀ ਨੂੰ ਦੁੱਧ ਪਿਲਾਉਣ ਤੋਂ ਬਾਅਦ ਆਪਣੀ ਛਾਤੀ ਦਾ 6 ਸੌ ਮਿਲੀਲਿਟਰ ਦੁੱਧ ਰੋਜਾਨਾਂ ਅਜਿਹੇ ਮਾਂ ਬਾਹਰੇ ਬੱਚਿਆਂ ਲਈ ਦਾਨ ਕਰ ਰਹੀ ਹੈ। ਹੁਣ ਤੱਕ ਉਹ 30 ਲਿਟਰ ਦੁੱਧ ਅਜਿਹੇ ਮਾਸੂਮ ਬੱਚਿਆਂ ਲਈ ਦਾਨ ਕਰ ਚੁੱਕੀ ਹੈ। ਇਸ ਤਰ੍ਹਾਂ ਇੱਕ ਅਨੋਖੀ ਮੁਹਿੰਮ ਚਲਾ ਕੇ ਜਵਾਲਾ ਗੁੱਟਾ ਨੇ ਦਾਨ ਕਰਨ ਦੀ ਪ੍ਰਥਾ ਵਿੱਚ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਉਹ ਲੋਕਾਂ ਲਈ ਪ੍ਰੇਰਨਾਸਰੋਤ ਬਣ ਗਈ ਹੈ।

ਸਲਾਮ ਹੈ ਜਵਾਲਾ ਗੁੱਟਾ ਦੇ ਇਸ ਮਹਾਨ ਕਾਰਜ ਲਈ।

# ਬਹੁਪੱਖੀ ਰਚਨਾਕਾਰ ਜਸਵੀਰ ਸਿੰਘ ਭਲੂਰੀਆ ਦਾ ਨਿਵੇਕਲਾ ਉਪਰਾਲਾ 'ਨਵੀਆਂ ਬਾਤਾਂ'




ਹਰਦਮ ਮਾਨ

ਪੰਜਾਬੀ ਸਾਹਿਤ ਦਾ ਆਕਾਸ਼ ਸਦਾ ਹੀ ਰਚਨਾਤਮਕ ਰੌਸ਼ਨੀ ਨਾਲ ਚਮਕਦਾ ਰਿਹਾ ਹੈ। ਹਰ ਯੁੱਗ ਵਿੱਚ ਕੁਝ ਅਜਿਹੇ ਰਚਨਾਕਾਰ ਜਨਮ ਲੈਂਦੇ ਹਨ ਜੋ ਨਾ ਸਿਰਫ਼ ਮੌਜੂਦਾ ਧਾਰਾਵਾਂ ਨੂੰ ਅੱਗੇ ਵਧਾਉਂਦੇ ਹਨ, ਸਗੋਂ ਨਵੀਆਂ ਦਿਸ਼ਾਵਾਂ ਅਤੇ ਨਵੇਂ ਰਸਤੇ ਵੀ ਤਲਾਸ਼ ਕਰਦੇ ਹਨ। ਜਸਵੀਰ ਸਿੰਘ ਭਲੂਰੀਆ ਇਸੇ ਪਰੰਪਰਾ ਦਾ ਇੱਕ ਨਿਮਰ ਪਰ ਪ੍ਰਭਾਵਸ਼ਾਲੀ ਨਾਮ ਹੈ। ਉਹ ਇੱਕ ਬਹੁਪੱਖੀ ਰਚਨਾਕਾਰ ਹੈ, ਜਿਸ ਦੀ ਕਲਮ ਨੇ ਗੀਤ, ਕਵਿਤਾ, ਵਿਅੰਗ, ਮਿੰਨੀ ਕਹਾਣੀ ਅਤੇ ਬਾਲ ਸਾਹਿਤ ਵਰਗੀਆਂ ਕਈ ਵਿਧਾਵਾਂ ਵਿੱਚ ਆਪਣੀ ਵੱਖਰੀ ਪਛਾਣ ਬਣਾਈ ਹੈ।

ਭਲੂਰੀਆ ਦੀ ਰਚਨਾਤਮਕ ਯਾਤਰਾ ਦੀ ਖ਼ਾਸੀਅਤ ਇਹ ਹੈ ਕਿ ਉਹ ਲਿਖਣ ਨੂੰ ਸਿਰਫ਼ ਪੇਸ਼ਕਾਰੀ ਨਹੀਂ, ਸਗੋਂ ਸਮਾਜ ਨਾਲ ਸੰਵਾਦ ਮੰਨਦਾ ਹੈ। ਉਸ ਦੇ ਗੀਤ, ਜੋ ਕੁਲਦੀਪ ਮਾਣਕ, ਗੁਰਪਾਲ ਸਿੰਘ ਪਾਲ ਅਤੇ ਹੋਰ ਪ੍ਰਸਿੱਧ ਗਾਇਕਾਂ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ, ਪੰਜਾਬੀ ਲੋਕਧਾਰਾ, ਦਰਦ, ਸੰਵੇਦਨਾ ਅਤੇ ਜੀਵਨ ਦੀ ਸੱਚਾਈ ਨੂੰ ਪੂਰੀ ਖੁਲ੍ਹ ਕੇ ਪ੍ਰਗਟ ਕਰਦੇ ਹਨ। ਇਹੀ ਗੁਣ ਉਸ ਦੀ ਕਵਿਤਾ ਅਤੇ ਵਿਅੰਗ ਵਿੱਚ ਵੀ ਸਪੱਸ਼ਟ ਦਿੱਸਦਾ ਹੈ, ਜਿੱਥੇ ਸਮਾਜਕ ਸਰੋਕਾਰਾਂ ਨੂੰ ਨੁਕਤੇਦਾਰ ਪਰ ਸਹਿਜ ਭਾਸ਼ਾ ਵਿੱਚ ਪੇਸ਼ ਕੀਤਾ ਜਾਂਦਾ ਹੈ।

ਭਲੂਰੀਆ ਦੀ ਨਵੀਂ ਪੁਸਤਕ 'ਨਵੀਆਂ ਬਾਤਾਂ' ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿੱਚ ਇੱਕ ਨਿਵੇਕਲਾ ਅਤੇ ਵਿਚਾਰਨਯੋਗ ਉਪਰਾਲਾ ਹੈ। ਇਸ ਪੁਸਤਕ ਦੀ ਕੇਂਦਰੀ ਵਿਸ਼ੇਸ਼ਤਾ ਇਹ ਹੈ ਕਿ ਲੇਖਕ ਨੇ ਲੋਕ ਬੁਝਾਰਤਾਂ ਨੂੰ ਕਾਵਿ ਰੂਪ ਵਿੱਚ ਪੇਸ਼ ਕਰ ਕੇ ਉਨ੍ਹਾਂ ਨੂੰ ਆਧੁਨਿਕ ਸੰਦਰਭਾਂ ਨਾਲ ਜੋੜਿਆ ਹੈ। ਬੁਝਾਰਤਾਂ ਪੰਜਾਬੀ ਲੋਕਧਾਰਾ ਦਾ ਉਹ ਅਮੋਲਕ ਖਜ਼ਾਨਾ ਹਨ, ਜੋ ਪੀੜ੍ਹੀ ਦਰ ਪੀੜ੍ਹੀ ਮੌਖਿਕ ਪਰੰਪਰਾ ਰਾਹੀਂ ਚੱਲਦੀਆਂ ਆਈਆਂ ਹਨ, ਪਰ ਸਮੇਂ ਦੇ ਨਾਲ ਨਾਲ ਇਹ ਪਰੰਪਰਾ ਹੌਲੀ-ਹੌਲੀ ਮੰਦੀ ਪੈਂਦੀ ਗਈ। 'ਨਵੀਆਂ ਬਾਤਾਂ' ਇਸ ਦਮ ਤੋੜ ਰਹੀ ਲੋਕ ਵਿਰਾਸਤ ਨੂੰ ਮੁੜ ਜੀਵੰਤ ਕਰਨ ਦੀ ਇੱਕ ਸੂਝਵਾਨ ਕੋਸ਼ਿਸ਼ ਹੈ।




ਪੁਸਤਕ ਵਿੱਚ ਹਰ ਬੁਝਾਰਤ ਨੂੰ ਛੇ-ਸੱਤ ਸਤਰਾਂ ਦੀ ਕਵਿਤਾ ਦੇ ਰੂਪ ਵਿੱਚ ਬੁਣਿਆ ਗਿਆ ਹੈ ਅਤੇ ਅਖੀਰਲੀ ਸਤਰ ਵਿੱਚ ਉਸ ਦਾ ਜਵਾਬ ਵੀ ਕਾਵਿ-ਰਚਨਾ ਦਾ ਹਿੱਸਾ ਬਣਦਾ ਹੈ। ਦੇਖਿਆ ਜਾਵੇ ਤਾਂ ਇਹ ਰੂਪਕਾਰੀ ਤਕਨੀਕ ਬਾਲ ਮਨੋਵਿਗਿਆਨ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ। ਬੱਚਾ ਸਵਾਲ ਅਤੇ ਜਵਾਬ ਦੀ ਖੇਡ ਰਾਹੀਂ ਨਾ ਸਿਰਫ਼ ਸੋਚਦਾ ਹੈ, ਸਗੋਂ ਭਾਸ਼ਾ, ਲੈਅ ਅਤੇ ਤਾਲ ਨਾਲ ਵੀ ਰਾਬਤਾ ਜੋੜਦਾ ਹੈ। 'ਨਵੀਆਂ ਬਾਤਾਂ' ਵਿੱਚ ਸ਼ਾਮਲ ਬੁਝਾਰਤਾਂ ਸਿਰਫ਼ ਮਨੋਰੰਜਨਕ ਖੇਡ ਨਹੀਂ, ਸਗੋਂ ਬੱਚੇ ਦੀ ਸੋਚ, ਤਰਕ ਅਤੇ ਸਮਾਜਕ ਸਮਝ ਨੂੰ ਵਿਕਸਤ ਕਰਨ ਵਾਲੇ ਰਚਨਾਤਮਕ ਉਪਕਰਣ ਹਨ। ਮਿਸਾਲ ਵਜੋਂ ਇਹ ਬੁਝਾਰਤ ਦੇਖੋ-

ਦੇਖਿਆ ਇੱਕ ਅਨੋਖਾ ਮੰਦਰ।
ਜਾਤ ਪਾਤ ਨਹੀਂ ਇਸ ਦੇ ਅੰਦਰ।
ਇੱਕ ਨਹੀਂ ਅਨੇਕ ਪੁਜਾਰੀ।
ਜਿਨ੍ਹਾਂ 'ਤੇ ਵੱਡੀ ਜ਼ੁੰਮੇਵਾਰੀ।
ਸਾਰੇ ਧਰਮਾਂ ਦੇ ਸ਼ਰਧਾਲੂ।
ਉਪਦੇਸ਼ ਲੈਣਾ ਕਰਦੇ ਚਾਲੂ।
ਉਪਦੇਸ਼ ਲੈ ਕੇ ਇੱਥੋਂ ਜਾਂਦੇ ।
ਸਮਾਜ ਵਿਚ ਨੇ ਸੇਵਾ ਕਮਾਂਦੇ।
ਬੁੱਝੋ ਬੱਚਿਓ ਮੰਦਰ ਕਿਹੜਾ।
ਹਰ ਪਿੰਡ, ਹਰ ਸ਼ਹਿਰ @ਚ ਜਿਹੜਾ।
ਕਿਸੇ ਬੱਚੇ ਨਾ ਚੁੱਕਿਆ ਹੱਥ।
ਭਲੂਰੀਏ ਨੇ ਫਿਰ ਦਿੱਤਾ ਦੱਸ।
ਮਨੁੱਖੀ ਜ਼ਿੰਦਗੀ ਦਾ ਇਹ ਮੂਲ।
ਬੱਚਿਓ ਇਹ ਤਾਂ ਹੈ 'ਸਕੂਲ'।

ਇਸ ਬੁਝਾਰਤ ਵਿੱਚ ਸਕੂਲ ਨੂੰ ਅਨੋਖੇ ਮੰਦਰ ਦੇ ਰੂਪ ਵਿੱਚ ਪੇਸ਼ ਕਰਨਾ ਲੇਖਕ ਦੀ ਦ੍ਰਿਸ਼ਟੀ ਦੀ ਵਿਸ਼ਾਲਤਾ ਨੂੰ ਦਰਸਾਉਂਦਾ ਹੈ। ਇੱਥੇ ਸਕੂਲ ਸਿਰਫ਼ ਇਮਾਰਤ ਨਹੀਂ, ਸਗੋਂ ਬਰਾਬਰੀ, ਧਰਮ ਨਿਰਪੇਖਤਾ ਅਤੇ ਸਮਾਜਕ ਜ਼ਿੰਮੇਵਾਰੀ ਦਾ ਕੇਂਦਰ ਬਣ ਜਾਂਦਾ ਹੈ। ਜਾਤ-ਪਾਤ ਤੋਂ ਉੱਪਰ ਉੱਠ ਕੇ 'ਅਨੇਕ ਪੁਜਾਰੀ' ਵਜੋਂ ਅਧਿਆਪਕਾਂ ਦੀ ਭੂਮਿਕਾ ਦਰਸਾਉਣਾ ਬੱਚੇ ਦੇ ਮਨ ਵਿੱਚ ਸਿੱਖਿਆ ਪ੍ਰਤੀ ਸਤਿਕਾਰ ਪੈਦਾ ਕਰਦਾ ਹੈ। ਇਕ ਹੋਰ ਬੁਝਾਰਤ ਹੈ-

ਅਮੀਰ ਹੋਵੇ ਜਾਂ ਹੋਵੇ ਮਲੰਗ।
ਸਭ ਦਾ ਹੀ ਮੈਂ ਢਕਾਂ ਨੰਗ।
ਟੁੱਟੇ ਜੋੜਨਾ ਮੇਰਾ ਕਰਮ।
ਇਹੋ ਸਮਝਾਂ ਆਪਣਾ ਕਰਮ।
ਬੱਚਿਓ ਮੇਰਾ ਬਾਪ ਹੈ 'ਹੋ'।
ਮੈਂ ਨਾ ਹੁੰਦੀ, ਹੁੰਦਾ ਨਾ ਉਹ।
ਜਿਉਂ ਜਿਉਂ ਵਧੇ ਉਮਰ ਦਾ ਭਾਰ।
ਹੁੰਦੀ ਜਾਵਾਂ ਮੈਂ ਮੁਟਿਆਰ।
ਬੱਚਿਓ ਬੁੱਝੋ ਮੇਰਾ ਨਾਂਅ।
ਖੜ੍ਹੀ ਕਰੋ ਹੁਣ ਸੱਜੀ ਬਾਂਹ।
ਸਾਡੀ ਸਭ ਦੀ ਹੈ ਭਿਆਂ।
ਆਪੇ ਆਪਣਾ ਦੱਸਦੇ ਨਾਂਅ।
ਪੈਂਟ, ਸ਼ਰਟ, ਬਣਾਵਾਂ ਜੀਨ।
ਬੱਚਿਓ ਮੈਂ ਸਿਲਾਈ ਮਸ਼ੀਨ।

ਇਹ ਬੁਝਾਰਤ 'ਸਿਲਾਈ ਮਸ਼ੀਨ' ਨੂੰ ਕੇਂਦਰ ਵਿੱਚ ਰੱਖ ਕੇ ਮਿਹਨਤ, ਉਪਯੋਗਤਾ ਅਤੇ ਸਮਾਜਕ ਬਰਾਬਰੀ ਦੇ ਸੰਦੇਸ਼ ਦਿੰਦੀ ਹੈ। 'ਅਮੀਰ ਹੋਵੇ ਜਾਂ ਹੋਵੇ ਮਲੰਗ' ਵਰਗੀਆਂ ਪੰਕਤੀਆਂ ਬੱਚੇ ਨੂੰ ਇਹ ਸਿਖਾਉਂਦੀਆਂ ਹਨ ਕਿ ਮਿਹਨਤ ਦਾ ਮੂਲ ਕਿਸੇ ਵਰਗ ਜਾਂ ਹੈਸੀਅਤ ਨਾਲ ਨਹੀਂ ਜੁੜਿਆ ਹੁੰਦਾ। ਇੱਥੇ ਨਾਰੀ ਤੱਤ ਦਾ ਸੰਕੇਤ ਵੀ ਸੂਖਮ ਢੰਗ ਨਾਲ ਮੌਜੂਦ ਹੈ, ਜੋ ਬਾਲ ਸਾਹਿਤ ਵਿੱਚ ਬਰਾਬਰੀ ਦੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ। ਬੁਝਾਰਤ ਦਾ ਇਕ ਰੰਗ ਹੋਰ-

ਕਾਗਜ਼ ਵਰਗੀ ਹੋਲੀ ਫੁੱਲ।
ਰੂਪ ਪੈਂਦਾ ਏ ਡੁੱਲ੍ਹ-ਡੁੱਲ੍ਹ।
ਇੱਕ, ਦੋ ਨਹੀਂ, ਅਨੇਕਾਂ ਰੰਗ।
ਉਸ ਦੇ ਅਸਲੋਂ ਨਾਜ਼ੁਕ ਅੰਗ।
ਬਹੁਤਾ ਚਿਰ ਨਾ ਟਿਕ ਖਲੋਵੇ ।
ਹੱਥ ਲਾਇਆਂ ਵੀ ਮੈਲੀ ਹੋਵੇ।
ਕੁਦਰਤ ਦੀ ਹੈ ਕਿਰਤ ਨਿਆਰੀ।
ਤਾਂ ਹੀ ਸਭ ਨੂੰ ਲੱਗੇ ਪਿਆਰੀ।
ਭਲੂਰੀਏ ਦੀ ਹੁਣ ਬੁੱਝੋ ਬਾਤ।
ਕੁਦਰਤ ਦੀ ਇਹ ਕੀ ਸੌਗਾਤ।
ਸਾਰੇ ਬੱਚੇ ਲੱਗ ਪਏ ਸੋਚਣ।
ਬੁਝਾਰਤ ਦਾ ਉੱਤਰ ਖੋਜਣ।
ਬਬਲੀ ਸਭ ਤੋਂ ਤੇਜ਼ ਨਿਕਲੀ।
ਕਹਿੰਦੀ ਅੰਕਲ ਇਹ ਹੈ ਤਿਤਲੀ।

ਇਹ ਬੁਝਾਰਤ 'ਤਿਤਲੀ' ਰਾਹੀਂ ਕੁਦਰਤ ਦੀ ਨਜ਼ਾਕਤ, ਅਸਥਿਰਤਾ ਅਤੇ ਸੁੰਦਰਤਾ ਨੂੰ ਕਾਵਿ ਰੂਪ ਵਿੱਚ ਪੇਸ਼ ਕਰਦੀ ਹੈ। ਇਹ ਬੁਝਾਰਤ ਬੱਚੇ ਨੂੰ ਕੁਦਰਤ ਨਾਲ ਜੁੜਨ, ਉਸ ਦੀ ਸੰਭਾਲ ਕਰਨ ਅਤੇ ਉਸ ਦੀ ਕਦਰ ਸਮਝਣ ਵੱਲ ਪ੍ਰੇਰਿਤ ਕਰਦੀ ਹੈ। ਬੁਝਾਰਤ ਦਾ ਹੱਲ ਖੋਜਣ ਦੀ ਪ੍ਰਕਿਰਿਆ ਬੱਚੇ ਦੇ ਅੰਦਰ ਜਿਗਿਆਸਾ ਅਤੇ ਨਿਰੀਖਣ ਦੀ ਸਮਰੱਥਾ ਨੂੰ ਮਜ਼ਬੂਤ ਕਰਦੀ ਹੈ।

'ਨਵੀਆਂ ਬਾਤਾਂ' ਦੀ ਹੋਰ ਵੱਡੀ ਤਾਕਤ ਇਸ ਦੇ ਵਿਸ਼ਿਆਂ ਦੀ ਵਿਸ਼ਾਲਤਾ ਹੈ। ਪੁਸਤਕ ਵਿੱਚ ਵਿਰਸਾ, ਸਭਿਆਚਾਰ, ਵਾਤਾਵਰਣ ਸੰਭਾਲ, ਸਫ਼ਾਈ, ਸਿਹਤ, ਤਕਨਾਲੋਜੀ, ਮਾਨਵੀ ਮੁੱਲ, ਸਮਾਜਕ ਜ਼ਿੰਮੇਵਾਰੀ, ਵਿਸ਼ਵ ਅਤੇ ਬ੍ਰਹਿਮੰਡ ਵਰਗੇ ਵਿਸ਼ਿਆਂ ਨੂੰ ਛੋਹਿਆ ਗਿਆ ਹੈ। ਇਹ ਸਾਰੇ ਵਿਸ਼ੇ ਅਜਿਹੇ ਹਨ ਜੋ ਅੱਜ ਦੇ ਬੱਚੇ ਦੀ ਸੋਚ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਇੱਥੇ ਲੇਖਕ ਦੀ ਰਚਨਾਤਮਕ ਕਾਬਲੀਅਤ ਇਸ ਗੱਲ ਵਿੱਚ ਨਜ਼ਰ ਆਉਂਦੀ ਹੈ ਕਿ ਉਹ ਏਨੇ ਗੰਭੀਰ ਵਿਸ਼ਿਆਂ ਨੂੰ ਵੀ ਸਧਾਰਣ, ਸੁਗਮ ਅਤੇ ਮਨੋਰੰਜਕ ਭਾਸ਼ਾ ਵਿੱਚ ਪੇਸ਼ ਕਰਦਾ ਹੈ। ਕਿਤੇ ਵੀ ਭਾਸ਼ਾ ਭਾਰੂ ਜਾਂ ਉਪਦੇਸ਼ਕ ਨਹੀਂ ਬਣਦੀ, ਸਗੋਂ ਖੇਡ-ਖੇਡ ਵਿੱਚ ਗਿਆਨ ਦੇ ਬੀਜ ਬੱਚੇ ਦੇ ਮਨ ਵਿੱਚ ਬੋ ਦਿੱਤੇ ਜਾਂਦੇ ਹਨ। ਆਲੋਚਨਾਤਮਕ ਦ੍ਰਿਸ਼ਟੀ ਨਾਲ ਇਹ ਗੁਣ ਕਿਸੇ ਵੀ ਉੱਤਮ ਬਾਲ ਸਾਹਿਤ ਦੀ ਪਛਾਣ ਹੈ। 'ਨਵੀਆਂ ਬਾਤਾਂ' ਸਿਰਫ਼ ਇੱਕ ਬਾਲ ਪੁਸਤਕ ਨਹੀਂ, ਸਗੋਂ ਇੱਕ ਸੱਭਿਆਚਾਰਕ ਦਸਤਾਵੇਜ਼ ਵੀ ਹੈ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਪਰਿਵਾਰਾਂ ਲਈ, ਜਿੱਥੇ ਮਾਂ-ਬੋਲੀ ਨਾਲ ਨਾਤਾ ਹੌਲੀ-ਹੌਲੀ ਕਮਜ਼ੋਰ ਪੈਂਦਾ ਜਾ ਰਿਹਾ ਹੈ, ਇਹ ਪੁਸਤਕ ਬੱਚਿਆਂ ਨੂੰ ਪੰਜਾਬੀ ਭਾਸ਼ਾ ਅਤੇ ਵਿਰਸੇ ਨਾਲ ਜੋੜਨ ਦਾ ਸਾਧਨ ਬਣ ਸਕਦੀ ਹੈ। ਬੁਝਾਰਤਾਂ ਰਾਹੀਂ ਬੱਚਾ ਸਿਰਫ਼ ਸ਼ਬਦ ਨਹੀਂ ਸਿੱਖਦਾ, ਸਗੋਂ ਸੋਚਣ, ਸਮਝਣ ਅਤੇ ਦਲੀਲ ਦੀ ਯੋਗਤਾ ਵੀ ਵਿਕਸਤ ਕਰਦਾ ਹੈ।

ਪੰਜਾਬੀ ਬਾਲ ਸਾਹਿਤ ਨੂੰ ਜੇ ਅਸੀਂ ਪੰਜਾਬੀ ਪਛਾਣ ਦੀ ਨਰਮ ਮਿੱਟੀ ਕਹੀਏ ਤਾਂ 'ਨਵੀਆਂ ਬਾਤਾਂ' ਉਸ ਮਿੱਟੀ ਵਿੱਚ ਪਾਇਆ ਗਿਆ ਇੱਕ ਮਜ਼ਬੂਤ ਬੀਜ ਹੈ। ਜਿੰਨੀਆਂ ਵੱਧ ਅਜਿਹੀਆਂ ਰਚਨਾਵਾਂ ਬੱਚਿਆਂ ਤੱਕ ਪਹੁੰਚਣਗੀਆਂ, ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਓਨੀਆਂ ਹੀ ਮਜ਼ਬੂਤ ਹੋਣਗੀਆਂ।

ਜਸਵੀਰ ਸਿੰਘ ਭਲੂਰੀਆ ਦੀ ਪੁਸਤਕ 'ਨਵੀਆਂ ਬਾਤਾਂ' ਰੂਪਕਾਰੀ ਨਵਚੇਤਨਾ, ਵਿਸ਼ਿਆਂ ਦੀ ਸਮਕਾਲੀ ਅਤੇ ਸੱਭਿਆਚਾਰਕ ਜ਼ਿੰਮੇਵਾਰੀ ਦਾ ਸੁੰਦਰ ਮੇਲ ਹੈ। ਇਹ ਰਚਨਾ ਬਾਲ ਸਾਹਿਤ ਨੂੰ ਮਨੋਰੰਜਨ ਤੋਂ ਉੱਪਰ ਉਠਾ ਕੇ ਸਿੱਖਿਆ ਅਤੇ ਸੰਵੇਦਨਾ ਨਾਲ ਜੋੜਦੀ ਹੈ। ਜਸਵੀਰ ਸਿੰਘ ਭਲੂਰੀਆ ਨੂੰ ਇਸ ਕੀਮਤੀ ਉਪਰਾਲੇ ਲਈ ਦਿਲੋਂ ਮੁਬਾਰਕਬਾਦ ਦੇਣੀ ਬਣਦੀ ਹੈ। ਆਸ ਹੈ ਕਿ ਉਹ ਭਵਿੱਖ ਵਿਚ ਵੀ ਇਸੇ ਜੋਸ਼, ਸਮਰਪਣ ਅਤੇ ਸੂਝ ਨਾਲ ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਸੇਵਾ ਕਰਦਾ ਰਹੇਗਾ।





ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220



# ਅਸੀਂ ਉਧਾਰ ਦੀ ਜ਼ਿੰਦਗੀ ਕਿਉਂ ਜੀਉਂਦੇ ਹਾਂ ?



**ਡਾ: ਸੇਠੀ ਕੇ.ਸੀ.**
ਲੇਖਕ ਦਮਨ, ਇੰਡੀਆ
ਆਕਲੈਂਡ, ਨਊਜ਼ੀਲੈਂਡ




ਆਜ਼ਾਦੀ ਮਨੁੱਖੀ ਜੀਵਨ ਦੀ ਸ਼ੁਰੂਆਤ ਹੈ, ਪਰ ਜ਼ਿਆਦਾਤਰ ਲੋਕ ਹੌਲੀ-ਹੌਲੀ ਅਤੇ ਬਿਨਾਂ ਸਮਝੇ ਇਸ ਆਜ਼ਾਦੀ ਨੂੰ ਗਵਾ ਬੈਠਦੇ ਹਨ। ਜਦੋਂ ਬੱਚਾ ਪੈਦਾ ਹੁੰਦਾ ਹੈ, ਉਸ ਦੇ ਅੰਦਰ ਜਿਗਿਆਸਾ, ਹੈਰਾਨੀ ਅਤੇ ਕੁਦਰਤੀ ਖੁਲ੍ਹਾਪਣ ਹੁੰਦਾ ਹੈ। ਹਰ ਬੱਚੇ ਦੀ ਆਪਣੀ ਸੋਚ, ਆਪਣਾ ਅਨੁਭਵ ਅਤੇ ਜੀਵਨ ਨੂੰ ਵੇਖਣ ਦਾ ਆਪਣਾ ਨਜ਼ਰੀਆ ਹੁੰਦਾ ਹੈ। ਪਰ ਸਮਾਂ ਲੰਘਣ ਨਾਲ ਇਹ ਵਿਲੱਖਣਤਾ ਹੌਲੀ-ਹੌਲੀ ਮਿੱਟਦੀ ਜਾਂਦੀ ਹੈ।

ਦੁਨੀਆ ਦੀ ਆਵਾਜ਼ ਅੰਦਰਲੀ ਆਵਾਜ਼ ਤੋਂ ਉੱਚੀ ਹੋ ਜਾਂਦੀ ਹੈ।

ਕੁਦਰਤੀ ਭਾਵਨਾਵਾਂ ਦੀ ਥਾਂ ਉਮੀਦਾਂ ਲੈ ਲੈਂਦੀਆਂ ਹਨ।

ਅੰਦਰਲੀ ਪ੍ਰੇਰਣਾ ਦੀ ਥਾਂ ਹੁਕਮ ਲੈ ਲੈਂਦੇ ਹਨ।

ਅਤੇ ਬਿਨਾਂ ਜਾਣੇ ਹੀ ਜ਼ਿਆਦਾਤਰ ਲੋਕ ਉਹ ਜ਼ਿੰਦਗੀ ਜੀਉਣ ਲੱਗ ਪੈਂਦੇ ਹਨ ਜੋ ਅਸਲ ਵਿੱਚ ਉਹਨਾਂ ਦੀ ਨਹੀਂ ਹੁੰਦੀ।

ਉਹ ਉਹੀ ਰਸਤੇ ਚੁਣਦੇ ਹਨ ਜੋ ਦੂਜਿਆਂ ਨੇ ਬਣਾਏ ਹੁੰਦੇ ਹਨ।

ਉਹ ਸਮਾਜ ਵੱਲੋਂ ਬਣਾਏ ਸੁਪਨਿਆਂ ਦੇ ਪਿੱਛੇ ਦੌੜਦੇ ਹਨ।

ਉਹ ਉਧਾਰ ਲਏ ਮਾਪਦੰਡਾਂ ਨਾਲ ਆਪਣੀ ਤੁਲਨਾ ਕਰਦੇ ਹਨ।

ਇਸਨੂੰ ਹੀ ਉਧਾਰ ਦੀ ਜ਼ਿੰਦਗੀ ਕਹਿੰਦੇ ਹਨ। ਉਧਾਰ ਦੀ ਜ਼ਿੰਦਗੀ ਹਰ ਵੇਲੇ ਦੁੱਖੀ ਨਹੀਂ ਕਰਦੀ। ਬਾਹਰੋਂ ਇਹ ਕਾਮਯਾਬ ਵੀ ਲੱਗ ਸਕਦੀ ਹੈ। ਇਸ ਵਿੱਚ ਡਿਗਰੀਆਂ, ਅਹੁਦੇ, ਦੌਲਤ ਅਤੇ ਸਮਾਜਿਕ ਇੱਜ਼ਤ ਹੋ ਸਕਦੀ ਹੈ। ਪਰ ਅੰਦਰੋਂ ਖਾਲੀਪਣ ਹੁੰਦਾ ਹੈ। ਆਰਾਮ ਵਿੱਚ ਵੀ ਬੇਚੈਨੀ ਹੁੰਦੀ ਹੈ। ਸਫਲਤਾ ਵੀ ਸੁਕੂਨ ਨਹੀਂ ਦਿੰਦੀ, ਕਿਉਂਕਿ ਇਨਸਾਨ ਆਪਣੇ ਸੱਚ ਨਾਲ ਨਹੀਂ ਜੁੜਿਆ ਹੁੰਦਾ।

ਸੇਠੀਅਨ ਫਿਲੋਸੋਫੀ ਅਨੁਸਾਰ, ਜਿਸ ਵਿਅਕਤੀ ਵਿੱਚ ਆਪ-ਜਾਗਰੂਕਤਾ ਨਹੀਂ ਹੁੰਦੀ, ਉਹ ਬਿਨਾਂ ਦਿਸ਼ਾ ਵਾਲੀ ਦਰਿਆ ਵਾਂਗ ਹੁੰਦਾ ਹੈ। ਉਹ ਵਗਦਾ ਤਾਂ ਹੈ, ਪਰ ਉਸਨੂੰ ਪਤਾ ਨਹੀਂ ਹੁੰਦਾ ਕਿ ਕਿੱਥੇ ਜਾ ਰਿਹਾ ਹੈ।

ਬਚਪਨ ਤੋਂ ਹੀ ਮਨੁੱਖ ਉੱਤੇ ਬਾਹਰੀ ਆਵਾਜ਼ਾਂ ਦਾ ਅਸਰ ਪੈਂਦਾ ਹੈ। ਮਾਪੇ, ਅਧਿਆਪਕ, ਰਿਸ਼ਤੇਦਾਰ, ਧਾਰਮਿਕ ਸੰਸਥਾਵਾਂ ਅਤੇ ਸਮਾਜ ਸਾਨੂੰ ਦੱਸਦੇ ਹਨ ਕਿ ਕੀ ਠੀਕ ਹੈ, ਕੀ ਗਲਤ ਹੈ, ਕੀ ਕੀਮਤੀ ਹੈ ਅਤੇ ਕੀ ਬੇਕਾਰ। ਸ਼ੁਰੂ ਵਿੱਚ ਇਹ ਜ਼ਰੂਰੀ ਹੁੰਦਾ ਹੈ, ਪਰ ਸਮੇਂ ਨਾਲ ਇਹ ਸਲਾਹ ਕਾਬੂ ਬਣ ਜਾਂਦੀ ਹੈ ਅਤੇ ਅੰਦਰਲੀ ਅਸਲੀਅਤ ਨੂੰ ਦਬਾ ਦਿੰਦੀ ਹੈ।

ਇਨਸਾਨ ਨੂੰ ਮੈਂ ਕੌਣ ਹਾਂ ? ਪੁੱਛਣ ਤੋਂ ਪਹਿਲਾਂ ਹੀ ਦੱਸ ਦਿੱਤਾ ਜਾਂਦਾ ਹੈ ਕਿ ਉਹ ਕੀ ਬਣੇ।

ਹੌਲੀ-ਹੌਲੀ ਉਹ ਸੋਚਣ ਦੀ ਥਾਂ ਮੰਨਣ ਲੱਗ ਪੈਂਦਾ ਹੈ।

ਸਮਝਣ ਦੀ ਥਾਂ ਢਲਣ ਲੱਗ ਪੈਂਦਾ ਹੈ।

ਉਹ ਸਮਾਜ ਲਈ ਕਬੂਲਯੋਗ ਬਣ ਜਾਂਦਾ ਹੈ, ਪਰ ਅੰਦਰੋਂ ਇਕੱਲਾ ਰਹਿ ਜਾਂਦਾ ਹੈ।

ਸੇਠੀਅਨ ਸੋਚ ਕਹਿੰਦੀ ਹੈ ਕਿ ਬਿਨਾਂ ਆਪ-ਜਾਣਕਾਰੀ ਵਾਲੀ ਸਿੱਖਿਆ ਚੰਗੇ ਕਰਮਚਾਰੀ ਬਣਾਉਂਦੀ ਹੈ, ਪਰ ਚੰਗੇ ਇਨਸਾਨ ਨਹੀਂ। ਲੋਕ ਰੋਜ਼ੀ ਕਮਾਉਣ ਵਿੱਚ ਮਾਹਰ ਹੋ ਜਾਂਦੇ ਹਨ, ਪਰ ਜੀਉਣ ਵਿੱਚ ਕੱਚੇ ਰਹਿ ਜਾਂਦੇ ਹਨ।

ਡਰ ਉਧਾਰ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਕਾਰਨ ਹੈ। ਆਪਣੀ ਜ਼ਿੰਦਗੀ ਜੀਉਣ ਲਈ ਹਿੰਮਤ ਚਾਹੀਦੀ ਹੈ। ਹਾਰ ਸਹਿਣ ਦੀ, ਗਲਤ ਹੋਣ ਦੀ ਅਤੇ ਲੋੜ ਪੈਣ 'ਤੇ ਇਕੱਲੇ ਖੜ੍ਹੇ ਹੋਣ ਦੀ ਹਿੰਮਤ।

ਜ਼ਿਆਦਾਤਰ ਲੋਕਾਂ ਵਿੱਚ ਇਹ ਹਿੰਮਤ ਨਹੀਂ ਹੁੰਦੀ।

ਉਹ ਅਸਵੀਕਾਰ ਹੋਣ ਤੋਂ ਡਰਦੇ ਹਨ।

ਉਹ ਆਲੋਚਨਾ ਤੋਂ ਡਰਦੇ ਹਨ।

ਇਸ ਲਈ ਉਹ ਸੱਚੇ ਹੋਣ ਦੀ ਥਾਂ ਸੁਰੱਖਿਅਤ ਰਹਿਣਾ ਚੁਣਦੇ ਹਨ।

ਅਸਲੀ ਹੋਣ ਦੀ ਥਾਂ ਮਨਜ਼ੂਰ ਹੋਣਾ ਚਾਹੁੰਦੇ ਹਨ।

ਉਹ ਉਹਨਾਂ ਨੌਕਰੀਆਂ ਵਿੱਚ ਰਹਿੰਦੇ ਹਨ ਜੋ ਉਨ੍ਹਾਂ ਨੂੰ ਖੁਸ਼ ਨਹੀਂ ਕਰਦੀਆਂ।

ਉਹ ਉਹਨਾਂ ਰਿਸ਼ਤਿਆਂ ਵਿੱਚ ਰਹਿੰਦੇ ਹਨ ਜੋ ਉਨ੍ਹਾਂ ਨੂੰ ਮਜ਼ਬੂਤ ਨਹੀਂ ਕਰਦੇ।

ਉਹ ਉਹੀ ਬੋਲਦੇ ਹਨ ਜੋ ਉਹ ਸੋਚਦੇ ਨਹੀਂ।

ਹੌਲੀ-ਹੌਲੀ ਡਰ ਇਨਸਾਨ ਨੂੰ ਨਕਲ ਕਰਨ ਵਾਲਾ ਬਣਾ ਦਿੰਦਾ ਹੈ।

ਸੇਥੀਅਨ ਦਰਸ਼ਨ ਦੱਸਦਾ ਹੈ ਕਿ ਡਰ ਆਜ਼ਾਦੀ ਦੀ ਸਭ ਤੋਂ ਵੱਡੀ ਰੁਕਾਵਟ ਹੈ। ਡਰਿਆ ਹੋਇਆ ਮਨ ਨਵਾਂ ਕੁਝ ਨਹੀਂ ਬਣਾ ਸਕਦਾ। ਸਮਾਜ ਵੀ ਉਧਾਰ ਦੀ ਜ਼ਿੰਦਗੀ ਨੂੰ ਵਧਾਵਾ ਦਿੰਦਾ ਹੈ। ਉਹ ਸੋਚਣ ਵਾਲਿਆਂ ਦੀ ਥਾਂ ਆਗਿਆ ਮੰਨਣ ਵਾਲਿਆਂ ਨੂੰ ਪਸੰਦ ਕਰਦਾ ਹੈ। ਬਚਪਨ ਤੋਂ ਹੀ ਸਾਨੂੰ ਤਿਆਰ ਸੁਪਨੇ ਦਿੱਤੇ ਜਾਂਦੇ ਹਨ ਜਿਵੇਂ ਸੁਰੱਖਿਅਤ ਨੌਕਰੀ, ਪੈਸਾ, ਇੱਜ਼ਤ ਅਤੇ ਸੁਖ।

ਬਹੁਤ ਘੱਟ ਲੋਕ ਸੋਚਦੇ ਹਨ ਕਿ ਕੀ ਇਹ ਸੁਪਨੇ ਉਨ੍ਹਾਂ ਦੇ ਦਿਲ ਨਾਲ ਮਿਲਦੇ ਹਨ।

ਲੋਕ ਦੂਜਿਆਂ ਦੀ ਦੌੜ ਵਿੱਚ ਦੌੜਦੇ ਰਹਿੰਦੇ ਹਨ।

ਉਹ ਉਹ ਮੁਕਾਬਲੇ ਜਿੱਤਦੇ ਹਨ ਜੋ ਉਨ੍ਹਾਂ ਦੇ ਨਹੀਂ ਹੁੰਦੇ।

ਉਹ ਉਹਨਾਂ ਸਿੜ੍ਹੀਆਂ 'ਤੇ ਚੜ੍ਹਦੇ ਹਨ ਜੋ ਉਨ੍ਹਾਂ ਦੀਆਂ ਨਹੀਂ ਹੁੰਦੀਆਂ।

ਸੇਥੀਅਨ ਦਰਸ਼ਨ ਅਨੁਸਾਰ, ਬਿਨਾਂ ਅੰਦਰੂਨੀ ਸ਼ਾਂਤੀ ਵਾਲੀ ਸਫਲਤਾ ਵੀ ਅਸਫਲਤਾ ਹੀ ਹੈ।

ਜ਼ਿੰਮੇਵਾਰੀ ਦੀ ਗਲਤ ਸਮਝ ਵੀ ਉਧਾਰ ਦੀ ਜ਼ਿੰਦਗੀ ਦਾ ਕਾਰਨ ਹੈ। ਲੋਕ ਫ਼ਰਜ਼ ਦੇ ਨਾਂ 'ਤੇ ਆਪਣੇ ਸੁਪਨੇ ਦਫ਼ਨਾ ਦਿੰਦੇ ਹਨ।

ਜ਼ਿੰਮੇਵਾਰੀ ਚੰਗੀ ਗੱਲ ਹੈ, ਪਰ ਜਦੋਂ ਇਹ ਆਪਣੀ ਪਹਿਚਾਣ ਮਾਰ ਦੇਵੇ, ਤਾਂ ਖ਼ਤਰਨਾਕ ਬਣ ਜਾਂਦੀ ਹੈ।

ਤੁਲਨਾ ਵੀ ਇਸਨੂੰ ਵਧਾਉਂਦੀ ਹੈ। ਸੋਸ਼ਲ ਮੀਡੀਆ ਉੱਤੇ ਲੋਕ ਦੂਜਿਆਂ ਦੀ ਬਣਾਵਟੀ ਸਫਲਤਾ ਵੇਖ ਕੇ ਆਪਣੇ ਆਪ ਨੂੰ ਘੱਟ ਸਮਝਣ ਲੱਗ ਪੈਂਦੇ ਹਨ। ਉਹ ਆਪਣੀ ਅੰਦਰਲੀ ਆਵਾਜ਼ ਸੁਣਨੀ ਛੱਡ ਦਿੰਦੇ ਹਨ।

ਦੂਜਿਆਂ ਦੀ ਨਕਲ ਕਰਨ ਲੱਗ ਪੈਂਦੇ ਹਨ।

ਹਰ ਆਤਮਾ ਦੀ ਆਪਣੀ ਰਫ਼ਤਾਰ ਹੁੰਦੀ ਹੈ। ਇਸਨੂੰ ਭੁੱਲ ਕੇ ਇਨਸਾਨ ਬੇਚੈਨ ਹੋ ਜਾਂਦਾ ਹੈ। ਸਿੱਖਿਆ ਵੀ ਸਿਰਫ਼ ਨੌਕਰੀ ਸਿਖਾਉਂਦੀ ਹੈ, ਜੀਵਨ ਨਹੀਂ। ਇਸ ਨਾਲ ਲੋਕ ਪੈਸੇ ਵਾਲੇ ਤਾਂ ਬਣ ਜਾਂਦੇ ਹਨ, ਪਰ ਸਮਝਦਾਰ ਨਹੀਂ। ਆਰਾਮ ਵੀ ਇੱਕ ਫੰਦਾ ਹੈ। ਉਧਾਰ ਦੀ ਜ਼ਿੰਦਗੀ ਸੁਰੱਖਿਅਤ ਲੱਗਦੀ ਹੈ, ਪਰ ਹੌਲੀ-ਹੌਲੀ ਜਮਾਵ ਬਣ ਜਾਂਦੀ ਹੈ। ਸੁਪਨੇ ਛੋਟੇ ਹੋ ਜਾਂਦੇ ਹਨ। ਵਿਕਾਸ ਰੁਕ ਜਾਂਦਾ ਹੈ।

ਸੇਥੀਅਨ ਦਰਸ਼ਨ ਅਨੁਸਾਰ, ਬਿਨਾਂ ਜਾਗਰੂਕਤਾ ਦੇ ਆਰਾਮ ਵਿੱਚ ਰਹਿਣਾ ਆਤਮਕ ਨੀਂਦ ਹੈ।

ਦੁੱਖ ਅਕਸਰ ਇਨਸਾਨ ਨੂੰ ਜਗਾਉਂਦਾ ਹੈ।

ਦਰਦ ਭਰਮ ਤੋੜਦਾ ਹੈ।

ਅਸਫਲਤਾ ਸੱਚ ਵਿਖਾਉਂਦੀ ਹੈ।

ਇਕੱਲਾਪਣ ਆਪਣੇ ਨਾਲ ਮਿਲਾਉਂਦਾ ਹੈ।

ਕੁਝ ਲੋਕ ਬਦਲ ਜਾਂਦੇ ਹਨ।

ਕੁਝ ਮੁੜ ਪੁਰਾਣੇ ਪਿੰਜਰਿਆਂ ਵਿੱਚ ਚਲੇ ਜਾਂਦੇ ਹਨ।

ਸੇਠੀਅਨ ਸੋਚ ਕਹਿੰਦੀ ਹੈ ਕਿ ਦੁੱਖ ਸਜ਼ਾ ਨਹੀਂ, ਜੀਵਨ ਦੀ ਸਿੱਖਿਆ ਹੈ।

ਆਪ-ਜਾਗਰੂਕਤਾ ਉਧਾਰ ਦੀ ਜ਼ਿੰਦਗੀ ਤੋਂ ਬਾਹਰ ਆਉਣ ਦਾ ਪਹਿਲਾ ਕਦਮ ਹੈ। ਸਾਦਗੀ, ਹਿੰਮਤ, ਅੰਦਰੂਨੀ ਅਨੁਸ਼ਾਸਨ ਅਤੇ ਦਇਆ ਨਾਲ ਸੇਵਾ ਇਸਨੂੰ ਵਧਾਉਂਦੇ ਹਨ।

ਆਪਣਾ ਜੀਵਨ ਜੀਉਣਾ ਬਗਾਵਤ ਨਹੀਂ, ਆਪਣੀ ਆਤਮਾ ਨਾਲ ਸੱਚਾ ਹੋਣਾ ਹੈ।

ਇਹ ਇਕ ਦਿਨ ਦਾ ਫ਼ੈਸਲਾ ਨਹੀਂ, ਹਰ ਦਿਨ ਦੀ ਕਿਰਿਆ ਹੈ।

ਅਸਲੀ ਹੋਣਾ ਆਪਣੀ ਸਿਆਹੀ ਨਾਲ ਲਿਖਣਾ ਹੈ।

ਜ਼ਿਆਦਾਤਰ ਲੋਕ ਆਪਣੀ ਜ਼ਿੰਦਗੀ ਦੂਜਿਆਂ ਦੇ ਹੱਥਾਂ ਨਾਲ ਲਿਖਦੇ ਹਨ।

ਉਹ ਦੂਜਿਆਂ ਦੀਆਂ ਕਹਾਣੀਆਂ ਦੁਹਰਾਉਂਦੇ ਹਨ।

ਸਿਆਣੇ ਲੋਕ ਰੁਕਦੇ ਹਨ, ਸੋਚਦੇ ਹਨ ਅਤੇ ਨਵੀਂ ਸ਼ੁਰੂਆਤ ਕਰਦੇ ਹਨ।

ਉਹ ਜਾਣਦੇ ਹਨ ਕਿ ਉਹ ਨਕਲ ਬਣਨ ਲਈ ਨਹੀਂ ਬਣੇ।ਉਹ ਜੀਵਨ ਦੀ ਇਕ ਅਨੋਖੀ ਤਸਵੀਰ ਬਣਨ ਲਈ ਬਣੇ ਹਨ।

ਇਥੋਂ ਹੀ ਅਸਲੀ ਜ਼ਿੰਦਗੀ ਸ਼ੁਰੂ ਹੁੰਦੀ ਹੈ।

# ਗਾਇਕ ਸੇਵਕ ਸੰਦਲ ਦਾ ਗੀਤ " ਦੋਹਤਾ ਜੈਲਦਾਰ ਦਾ" ਪਾ ਰਿਹਾ ਧੂੰਮਾਂ

ਗੀਤ ਤਾਂ ਰੋਜ਼ਾਨਾ ਹੀ ਯੂਟਿਊਬ ਤੇ ਸੁਨਣ ਨੂੰ ਮਿਲਦੇ ਰਹਿੰਦੇ ਹਨ ਅਤੇ ਉਨ੍ਹਾਂ ਦੀਆਂ ਵੀਡੀਓ ਵੀ ਦੇਖਣ ਨੂੰ ਮਿਲਦੀਆਂ ਰਹਿੰਦੀਆਂ ਹਨ , ਪਰ ਇਸ ਭੀੜਭੜੱਕੇ ਦੌਰ ਵਿੱਚ ਕੁੱਝ ਟਾਵੇਂਟੱਲੇ ਹੀ ਅਜਿਹੇ ਗਾਇਕਾਂ ਨੂੰ ਸੁਨਣ ਦਾ ਮੌਕਾ ਮਿਲਦਾ ਹੈ , ਜੋ ਆਪਣੀ ਹਿੱਕ ਦੇ ਜੋਰ ਤੇ ਅਤੇ ਆਪਣੀ ਦਮਦਾਰ ਆਵਾਜ਼ ਵਿੱਚ ਸਰੋਤਿਆਂ ਨੂੰ ਕੁੱਝ ਰਸਭਿੰਨਾ ਪਰੋਸ ਸਕਣ। ਇਨ੍ਹਾਂ ਵਿਚਾਰਾਂ ਤੇ ਚੱਲਣ ਵਾਲਾ ਮਾਨਸਾ ਦਾ ਰਹਿਣ ਵਾਲਾ ਗਾਇਕ ਹੈ ਸੇਵਕ ਸੰਦਲ , ਜੋ ਗੀਤ ਭਾਵੇਂ ਕੁੱਝ ਦੇਰ ਬਾਅਦ ਹੀ ਸਰੋਤਿਆਂ ਲਈ ਲੈਕੇ ਆਵੇ ਪਰ ਹੁੰਦਾ ਬੜਾ ਵਜਣਦਾਰ ਤੇ ਸੁਣਨਯੋਗ। ਹੁਣ ਗਾਇਕ ਸੇਵਕ ਸੰਦਲ ਨੇ ਆਪਣਾ ਨਵਾਂ ਗੀਤ " ਦੋਹਤਾ ਜੈਲਦਾਰਾ ਦਾ " ਸੰਗੀਤ ਦੀ ਦੁਨੀਆਂ ਵਿੱਚ ਲਿਆਂਦਾ ਹੈ , ਜਿਸਦੇ ਬੋਲ ਇਸ ਤਰ੍ਹਾਂ ਹਨ....

ਅਜੇ ਤੱਕ ਅਣਖਾਂ ਸੁਭਾਅ ਸਾਂਭ ਰੱਖਿਆ ....

ਪੱਕੇ ਨੇ ਇਰਾਦੇ ਤੇ ਜਵਾਨਾਂ ਵੀ ਨੇ ਪੱਕੀਆਂ ...

ਹੋਲੀ ਗੱਲ ਕਰੀ ਤੇ ਨਾ ਜਰੀ ਆ ਕਦੇ .....

ਲੋਕ ਮੰਨਦੇ ਨੇ ਲੋਹਾ ਸੱਚੇ ਕਿਰਦਾਰ ਦਾ ....

ਅੱਜ ਵੀ ਇਲਾਕੇ ਵਿੱਚ ਪੂਰਾ ਸਤਿਕਾਰ ......

ਸਾਰੇ ਆਖਦੇ ਨੇ ਆਉਂਦਾ ਦੋਹਤਾ ਜੈਲਦਾਰ ਦਾ...॥

ਇਸ ਗੀਤ ਦਾ ਕਲਮਕਾਰ ਹੈ ਹੈਪੀ ਰਮਦਿੱਤੇ ਵਾਲਾ ਤੇ ਇਸਨੂੰ ਸੰਗੀਤ ਦਿੱਤਾ ਹੈ ਡੀ. ਗਿੱਲ ਨੇ ਜਦਕਿ ਐਚ.ਆਰ. ਕ੍ਰੀਏਸ਼ਨ ਤਹਿਤ ਇਸਦਾ ਪੇਸ਼ਕਾਰ ਹੈਪੀ ਰਮਦਿੱਤੇ ਵਾਲਾ ਹੈ। ਇਸਦਾ ਵੀਡੀਓ ਫਿਲਮਾਂਕਣ ਵੀ ਬੜੇ ਸ਼ਾਨਦਾਰ ਢੰਗ ਨਾਲ ਕੁਲਦੀਪ ਪਰਮਾਰ ਨੇ ਕੀਤਾ ਹੈ। ਜਿੱਥੇ ਗੀਤ ਦੇ ਬੋਲ ਸੁਣਨਯੋਗ ਹਨ , ਓਥੇ ਹੀ ਕੁਲਦੀਪ ਪਰਮਾਰ ਦਾ ਵੀਡੀਓ ਵੀ ਦੇਖਣਯੋਗ ਹੈ। ਗਾਇਕ ਸੇਵਕ ਸੰਦਲ ਦੇ ਇਸ ਗੀਤ ਨੂੰ ਉਸਦੇ ਪ੍ਰਸ਼ੰਸਕਾਂ ਦਾ ਦਿਨੋਂਦਿਨ ਭਰਵਾਂ ਹੁੰਗਾਰਾ ਮਿਲਣ ਤੇ ਉਸਨੇ ਸਭਨਾਂ ਦਾ ਦਿਲੋਂ ਧੰਨਵਾਦ ਕੀਤਾ। ਖੁਦਾ ਕਰੇ ਅਜਿਹੀ ਦਮਦਾਰ ਆਵਾਜ਼ ਹੋਰ ਬੁਲੰਦੀਆਂ ਛੂਹੇ।

**ਪੇਸ਼ਕਸ - ਸੱਤਪਾਲ ਮਾਨ,**
**ਬਠਿੰਡਾ** 75088 72726






# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੀ ਯਾਤਰਾ




**ਜਸਪਾਲ ਲ਼ੋਹਾਮ**
ਵਟਸਐਪ: +91-97-810- 40140

ਕਈ ਸਾਲਾਂ ਦੀ ਗੱਲ ਹੈ ਕਿ ਗਰਮੀ ਦੀਆਂ ਛੁੱਟੀਆਂ ਆਉਣ ਵਾਲੀਆਂ ਸਨ ਤੇ ਸਾਡਾ ਕਿਤੇ ਨਾ ਕਿਤੇ ਜਾਣ ਦਾ ਮਨ ਕਰ ਰਿਹਾ ਸੀ ਪਰ ਅਜੇ ਤੱਕ ਕੋਈ ਪ੍ਰੋਗਰਾਮ ਨਹੀਂ ਬਣਿਆ। ਇੱਕ ਦਿਨ ਛੋਟੇ ਵੀਰ ਧਰਮਿੰਦਰ ਸਿੰਘ ਪੁਰਬਾ ਦੇ ਕੋਲ ਬੈਠੇ ਸੀ ਤੇ ਆਪਸ ਵਿਚ ਗੱਲਾਂ ਕਰਨ ਲੱਗ ਪਏ। ਅਸੀਂ ਅਕਸਰ ਹੀ ਆਪਣੇ ਸਿੱਖਿਆ ਵਿਭਾਗ ਅਤੇ ਸਕੂਲ ਦੀਆਂ ਰਚਨਾਤਮਕ ਗੱਲਾਂ ਸਾਂਝੀਆਂ ਕਰਦੇ ਹੁੰਦੇ ਸੀ। ਅਸੀਂ ਕਿਤੇ ਘੁੰਮਣ ਲਈ ਜਾਣ ਦਾ ਪ੍ਰੋਗਰਾਮ ਬਣਾ ਰਹੇ ਸੀ। ਉਹਨਾਂ ਨੇ ਕਾਫੀ ਵਿਚਾਰ ਵਿਟਾਂਦਰਾ ਕਰਨ ਤੋਂ ਬਾਅਦ ਕਿਹਾ ਕਿ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨੰਦੇੜ ਦੇ ਦਰਸ਼ਨ ਕਰ ਆਈਏ, ਠੀਕ ਹੈ। ਮੈਂ ਵੀ ਸਹਿਮਤੀ ਪ੍ਰਗਟਾਈ। ਸਾਡੇ ਵਰਗੇ ਮੁਲਾਜ਼ਮਾਂ ਲਈ ਸਿਰਫ ਗਰਮੀਆਂ ਦੀਆਂ ਛੁੱਟੀਆਂ ਹੀ ਹੁੰਦੀਆਂ ਹਨ ਕਿਤੇ ਜਾਣ ਲਈ, ਘੁੰਮਣ ਫਿਰਨ ਲਈ, ਵਰਨਾ ਘਰ ਤੋਂ ਨੰਦੇੜ ਨਿਕਲਣਾਂ ਬੜਾ ਔਖਾ ਹੁੰਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ, ਕੋਈ ਛੁੱਟੀ ਨਹੀਂ ਲੈਣੀ ਪੈਂਦੀ ਸਿਰਫ ਸਕੂਲ ਮੁਖੀ ਨੂੰ ਸਟੇਸ਼ਨ ਲੀਵ ਲਿਖ ਕੇ ਦੇਣ ਨਾਲ ਕੰਮ ਚੱਲ ਪੈਂਦਾ ਹੈ। ਨੰਦੇੜ ਜਾਣ ਦੀ ਯੋਜਨਾ ਪੱਕੀ ਸੀ ਤੇ ਮੇਰੇ ਛੋਟੇ ਵੀਰ ਨੇ ਕਿਹਾ ਕਿ ਮੇਰੀ ਜਾਣ ਪਹਿਚਾਣ ਹੈ ਇਸ ਲਈ ਮੈਂ ਟਿਕਟਾਂ ਖਰੀਦ ਲਵਾਂਗਾ ਤੁਸੀਂ ਨਹੀਂ ਲੈਣੀਆਂ। ਕੁੱਝ ਦਿਨਾਂ ਬਾਅਦ ਉਹਨਾਂ ਨੇ ਮੈਨੂੰ ਦੱਸਿਆ ਕਿ ਰੇਲ ਦੀਆਂ ਟਿਕਟਾਂ ਦਾ ਪ੍ਰਬੰਧ ਹੋ ਗਿਆ ਹੈ ਤੇ ਹੁਣ ਤੁਸੀਂ ਜਾਣ ਦੀ ਤਿਆਰੀ ਵੱਟ ਲਓ। ਅਸੀਂ ਜਾਣ ਤੋਂ ਕੁੱਝ ਦਿਨ ਪਹਿਲਾਂ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ ਤੇ ਇੱਕ ਦਿਨ ਪਹਿਲਾਂ ਪੂਰੀ ਪੈਕਿੰਗ ਕਰ ਲਈ। ਇਸ ਤਰ੍ਹਾਂ ਅਸੀਂ ਆਪਣੇ ਸਾਧਨ ਰਾਹੀਂ ਮੋਗਾ ਤੋਂ ਲੁਧਿਆਣਾ ਰੇਲਵੇ ਸਟੇਸ਼ਨ ਪਹੁੰਚ ਗਏ। ਇੱਥੇ ਅਸੀਂ ਸਮੇਂ ਤੋਂ ਪਹਿਲਾਂ ਪਹੁੰਚ ਗਏ। ਸਾਡੀ ਸੱਚਖੰਡ ਐਕਸਪ੍ਰੈਸ ਰੇਲ ਠੀਕ ਟਾਈਮ ਤੇ ਚੱਲ ਪਈ ਸੀ। ਸਾਡੀ ਇਸ ਧਾਰਮਿਕ ਯਾਤਰਾ ਦਾ ਰੇਲ ਦਾ ਸਫ਼ਰ ਦੋ ਦਿਨ ਤੇ ਇੱਕ ਰਾਤ ਦਾ ਸੀ। ਤਖਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਗੋਦਾਵਰੀ ਨਦੀ ਦੇ ਕੰਡੇ ਤੇ ਸਥਿਤ ਹੈ ਕਲਗੀਧਰ ਪਾਤਸ਼ਾਹ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣਾ ਸਫ਼ਰ ਪਟਨੇ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ, ਪੰਜਾਬ ਨੂੰ ਆਪਣੀ ਕਰਮਭੂਮੀ ਬਣਾਈ, ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਆਪਣਾ ਆਖਰੀ ਸਮਾਂ ਬਤੀਤ ਕੀਤਾ। ਗੁਰੂ ਜੀ ਨੇ ਆਪਣੇ ਅੰਤਿਮ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪੀ। ਅਸੀਂ ਲੰਬੇ ਸਫਰ ਤੋਂ ਬਾਅਦ ਨੰਦੇੜ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਗੁਰਦੁਆਰਾ ਸਾਹਿਬ ਦੀਆਂ ਬੱਸਾਂ ਸੰਗਤਾਂ ਨੂੰ ਲੈਣ ਲਈ ਰੇਲਵੇ ਸਟੇਸ਼ਨ ਆਉਂਦੀਆਂ ਹਨ। ਪਰ ਅਸੀਂ ਆਟੋ ਰਿਕਸ਼ਾ ਕਰਵਾ ਕੇ ਗੁਰਦੁਆਰਾ ਸਾਹਿਬ ਚਲੇ ਗਏ। ਗਰਮੀਆਂ ਦੀਆਂ ਛੁੱਟੀਆਂ ਹੋਣ ਕਰਕੇ ਇੱਥੇ ਸੰਗਤਾਂ ਦਾ ਭਾਰੀ ਇਕੱਠ ਸੀ ਅਤੇ ਅਸੀਂ ਸਭ ਤੋਂ ਪਹਿਲਾਂ ਜਾ ਕੇ ਆਪਣੇ ਵਾਸਤੇ ਇੱਕ ਕਮਰੇ ਦਾ ਪ੍ਰਬੰਧ ਕਰ ਲਿਆ। ਅਸੀਂ ਆਪਣਾ ਸਮਾਨ ਕਮਰੇ ਵਿਚ ਰੱਖ ਕੇ ਕੁੱਝ ਸਮਾਂ ਆਰਾਮ ਕੀਤਾ। ਫਿਰ ਦੁਬਾਰਾ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਲਈ ਪਹੁੰਚ ਗਏ। ਉਸ ਸਮੇਂ ਗੁਰਦੁਆਰਾ ਸਾਹਿਬ ਵਿਚ ਚਾਰੇ ਪਾਸੇ ਨਿਰਮਾਣ ਕਾਰਜ ਚੱਲ ਰਹੇ ਸਨ। ਇੱਥੇ ਪਹੁੰਚਦਿਆਂ ਹੀ ਦਸਵੇਂ ਪਾਤਸ਼ਾਹ ਜੀ ਨੂੰ ਯਾਦ ਕਰਦਿਆਂ ਇੰਝ ਮਹਿਸੂਸ ਹੋਇਆ ਕਿ ਕਿਸੇ ਸਮੇਂ ਗੁਰੂ ਜੀ ਇਸ ਪਵਿੱਤਰ ਅਸਥਾਨ ਤੇ ਰਹੇ ਹੋਣਗੇ ਤੇ ਉਸ ਸਮੇਂ ਦਾ ਮੰਜ਼ਰ ਇਕਦਮ ਮਨ ਵਿਚ ਆ ਗਿਆ। ਅਸੀਂ ਗੁਰੂ ਘਰ ਪੁੱਜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਦੀਦਾਰੇ ਕਰਕੇ, ਅਰਦਾਸ ਬੇਨਤੀ ਕਰਕੇ, ਫ਼ਤਿਹ ਬੁਲਾਈ ਤੇ ਫਿਰ ਗੁਰੂ ਸਾਹਿਬ ਜੀ ਨੂੰ ਯਾਦ ਕੀਤਾ। ਗੁਰਬਾਣੀ ਕੀਰਤਨ ਸੁਣਿਆ। ਸੰਧਿਆ ਵੇਲੇ ਗੁਰੂ ਸਾਹਿਬ ਜੀ ਦੇ ਸ਼ਸ਼ਤਰਾਂ ਦੇ ਦਰਸ਼ਨ ਕਰਵਾਏ ਗਏ। ਸਿੰਘ ਸਾਹਿਬ ਨੇ ਸਾਰੇ ਸ਼ਸ਼ਤਰਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਇਹ ਸਭ ਦੇਖ ਕੇ ਮਨ ਬੜਾ ਪ੍ਰਸੰਨ ਹੋਇਆ। ਇਸ ਤਰ੍ਹਾਂ ਅਸੀਂ ਸਾਰੇ ਦਿਨ ਦਰਸ਼ਨ ਕਰਦੇ ਰਹੇ। ਇਥੋਂ ਨੰਦੇੜ ਤੋਂ ਪਿੰਡ ਨਰਸੀ ਨਾਮਦੇਵ ਦੇ ਜ਼ਿਲ੍ਹਾ ਹੰਗੋਲੀ ਕਰੀਬ 100 ਕਿਲੋਮੀਟਰ ਦੂਰ ਹੈ ਅਤੇ ਕਾਰ ਤੇ ਦੋ ਘੰਟੇ ਲੱਗਦੇ ਸਨ। ਭਗਤ ਨਾਮਦੇਵ ਜੀ ਦਾ ਜਨਮ ਅਸਥਾਨ ਪਿੰਡ ਨਰਸੀ ਨਾਮਦੇਵ ਹੈ ਇਸ ਪਿੰਡ, ਇੱਥੇ ਉਹਨਾਂ ਦੀ ਯਾਦ ਵਿਚ ਪੁਰਾਤਨ ਅਸਥਾਨ ਭੋਰਾ ਹੈ ਜਿੱਥੇ




ਉਹ ਭਗਤੀ ਕਰਦੇ ਸਨ। ਪਿੰਡ ਤੋਂ ਬਾਹਰ ਸੰਤ ਨਾਮਦੇਵ ਮਹਾਰਾਜ ਮੰਦਰ ਹੈ ਅਤੇ ਪਿੰਡ ਵੜਦਿਆਂ ਹੀ ਉਹਨਾਂ ਦੀ ਯਾਦ ਵਿਚ ਗੁਰਦੁਆਰਾ ਭਗਤ ਨਾਮਦੇਵ ਜੀ ਹੈ। ਇਹ ਗੁਰਦੁਆਰਾ ਸਾਹਿਬ ਬਹੁਤ ਹੀ ਖ਼ੂਬਸੂਰਤ ਹੈ ਅਤੇ ਖੁੱਲੀ ਥਾਂ ਵਿਚ ਬਣਿਆ ਹੈ। ਇੱਥੇ ਰਹਿਣ ਲਈ ਸਰਾਂ ਵਿਚ ਬਹੁਤ ਸਾਰੇ ਕਮਰੇ ਹਨ ਅਤੇ ਗੁਰੂ ਘਰ ਵਿਚ ਲੰਗਰ ਲਗਾਤਾਰ ਚੱਲਦਾ ਰਹਿੰਦਾ ਹੈ। ਅਸੀਂ ਸਾਰੇ ਇੱਕ ਦਿਨ ਸਵੇਰੇ ਜਲਦੀ ਤਿਆਰ ਹੋ ਗਏ ਤੇ ਬਾਹਰ ਜਾ ਕੇ ਬਾਜ਼ਾਰ ਵਿਚੋਂ ਇੱਕ ਗੱਡੀ ਕਿਰਾਏ ਤੇ ਕਰ ਲਈ। ਇਸ ਤਰਾਂ ਅਸੀਂ ਗੁਰਦੁਆਰਾ ਭਗਤ ਨਾਮਦੇਵ ਜੀ ਨਰਸੀ ਵੱਲ ਨੂੰ ਚੱਲ ਪਏ। ਭਗਤ ਜੀ ਨਾਲ ਸੰਬੰਧਿਤ ਕਈ ਸਾਖੀਆਂ ਹਨ ਇਕ ਸਾਂਝੀ ਕਰਦੇ ਹਾਂ। ਬ੍ਰਾਹਮਣ ਆਪਣੇ ਆਪ ਨੂੰ ਉੱਚ ਜਾਤੀ ਦੇ ਸਮਝਦੇ ਸਨ ਅਤੇ ਭਗਤ ਨਾਮਦੇਵ ਜੀ ਨੂੰ ਸ਼ੂਦਰ ਨੀਵੀ ਜਾਤ ਦਾ ਮੰਨਦੇ ਸਨ। ਇਸ ਲਈ ਜਦੋਂ ਭਗਤ ਜੀ, ਭਗਤੀ ਕਰਨ ਲਈ ਮੰਦਰ ਪਹੁੰਚੇ ਤਾਂ ਉੱਥੇ ਬ੍ਰਾਹਮਣਾਂ ਨੇ ਭਗਤ ਜੀ ਨੂੰ ਮੰਦਰ ਜਾਣ ਨਹੀਂ ਦਿੱਤਾ। ਇਸ ਕਰਕੇ ਭਗਤ ਜੀ ਮੰਦਰ ਦੇ ਪਿਛਲੇ ਪਾਸੇ ਜਾ ਕੇ ਪਰਮਾਤਮਾ ਦੀ ਭਗਤੀ, ਗੀਤ ਗਾਇਨ ਕਰਨ ਲੱਗ ਪਏ। ਉੱਥੇ ਆਏ ਲੋਕਾਂ ਨੇ ਭਗਤੀ ਗੀਤ ਸੁਣਨ ਲਈ ਮੰਦਰ ਦੇ ਪਿਛਲੇ ਪਾਸੇ ਉਨ੍ਹਾਂ ਕੋਲ ਪਹੁੰਚ ਗਏ। ਇਸ ਤਰ੍ਹਾਂ ਇਹ ਅਸਥਾਨ ਹੌਲੀ ਹੌਲੀ ਭਗਤ ਨਾਮਦੇਵ ਜੀ ਦੀ ਯਾਦਗਾਰ ਬਣ ਗਿਆ। ਉਸ ਮੰਦਰ ਦੇ ਪਿਛਲੇ ਪਾਸੇ ਹੀ ਇਹ ਅਸਥਾਨ ਹੈ ਜਿੱਥੇ ਭਗਤ ਜੀ ਨੇ ਭਗਤੀ ਕੀਤੀ ਤੇ ਉਹਨਾਂ ਦੀ ਯਾਦ ਵਿਚ ਇੱਕ ਛੋਟਾ ਜਿਹਾ ਮੰਦਰ ਹੈ। ਪਰ ਇਥੇ ਬ੍ਰਾਹਮਣਾਂ ਦੇ ਵੱਡੇ ਮੰਦਰ ਦਾ ਅੰਦਰਲਾ ਮੁੱਖ ਦੁਆਰ, ਮੁੱਖ ਸੜਕ ਤੋਂ ਉਲਟ ਪਾਸੇ ਹੈ। ਅਸੀਂ ਇਸ ਵੱਡੇ ਮੰਦਰ ਤੇ ਪਹੁੰਚ ਕੇ ਪਿਛਲੇ ਪਾਸੇ ਭਗਤ ਨਾਮਦੇਵ ਜੀ ਦੀ ਯਾਦਗਾਰ ਮੰਦਰ ਨੂੰ ਦੇਖਿਆ। ਇਥੋਂ ਫਿਰ ਅਸੀਂ ਪਿੰਡ ਨਰਸੀ ਨਾਮਦੇਵ ਚਲੇ ਗਏ ਅਤੇ ਉਹਨਾਂ ਦੇ ਗ੍ਰਹਿ ਅਸਥਾਨ ਵਿਖੇ ਜਾ ਕੇ ਦਰਸ਼ਨ ਕੀਤੇ। ਪਿੰਡ ਦੇ ਬਾਹਰਲੇ ਮੰਦਰ ਅਤੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਅਰਦਾਸ ਬੇਨਤੀ ਕੀਤੀ। ਇਥੋਂ ਫਿਰ ਅਸੀਂ ਵਾਪਸੀ ਨੰਦੇੜ ਨੂੰ ਕਰ ਲਈ। ਕਰੀਬ ਇੱਕ ਦਿਨ ਇਸ ਪਾਸੇ ਦਰਸ਼ਨ ਕਰਨ ਨੂੰ ਲੱਗ ਜਾਂਦਾ ਹੈ। ਨੰਦੇੜ ਤੋਂ ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਕਰਨਾਟਕਾ ਕਰੀਬ 175 ਕਿਲੋਮੀਟਰ ਦੂਰ ਹੈ ਤੇ ਕਾਰ ਤੇ 3.30 ਘੰਟੇ ਲੱਗ ਜਾਂਦੇ ਹਨ। ਕਰੀਬ ਇੱਕ ਦਿਨ ਇਧਰ ਦਰਸ਼ਨ ਕਰਨ ਲਈ ਲੱਗ ਜਾਂਦੇ ਹਨ। ਫਿਰ ਅਸੀਂ ਇੱਕ ਦਿਨ ਦਰਸ਼ਨ ਕਰਨ ਲਈ ਬਿਦਰ ਗਏ ਅਤੇ ਗੁਰੂ ਘਰ ਜਾ ਕੇ ਦਰਸ਼ਨ ਕਰਕੇ ਅਰਦਾਸ ਬੇਨਤੀ ਕੀਤੀ। ਪਹਿਲੀ ਪਾਤਿਸ਼ਾਹੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਦਾ ਮੰਜ਼ਰ ਅੱਖਾਂ ਅੱਗੇ ਆ ਗਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਨ 1512 ਈਸਵੀ ਨੂੰ ਲੋਕਾਂ ਨੂੰ ਸਿੱਧੇ ਰਾਹ ਪਾਉਂਦੇ ਹੋਏ ਬਿਦਰ ਪੁੱਜੇ ਸਨ। ਗੁਰੂ ਜੀ ਨੇ ਇੱਥੇ ਸੁੰਦਰ ਪਹਾੜ ਤੇ ਰਮਨੀਕ ਅਸਥਾਨ ਤੇ ਡੇਰੇ ਲਾਏ ਸਨ ਅਤੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਸੀ। ਅਸੀਂ ਇੱਥੇ ਦਰਸ਼ਨ ਕਰਕੇ ਵਾਪਸ ਨੰਦੇੜ ਚਲੇ ਗਏ। ਇਸ ਤੋਂ ਬਾਅਦ ਅਸੀਂ ਘਰ ਵਾਪਸੀ ਕਰ ਲਈ।

# ਗੱਲ ਹੋਵੇ ਜੇ ਕਮਾਲ, ਬਣਦੀ ਉਹ ਮਿਸਾਲ !



ਤਰਲੋਚਨ ਸਿੰਘ ਦੁਪਾਲਪੁਰ
001-408-905-5517

ਜਿਲ੍ਹਾ ਹੁਸ਼ਿਆਰ ਪੁਰ ਦੇ ਗੜ੍ਹਸ਼ੰਕਰ ਸ਼ਹਿਰ ਲਾਗਲੇ ਪਿੰਡ ਪਾਲ੍ਹੇਵਾਲ਼ ਕੁਟੀਆ ਵਿਚ ਰਹਿੰਦੇ ਹੁੰਦੇ ਸਨ ਸੰਤ ਗਿਆਨਾ ਨੰਦ ਜੋ ਹਮੇਸ਼ਾ ਭਗਵੇਂ ਰੰਗ ਦੀ ਗਿਲਤੀ ਪਹਿਨਦੇ ਸਨ।ਦੇਸੀ ਜੜ੍ਹੀ-ਬੂਟੀਆਂ ਦੀਆਂ ਦਵਾਈਆਂ ਬਣਾਉਣ ਦਾ ਸ਼ਰਫ ਵੀ ਹਾਸਲ ਸੀ ਉਨ੍ਹਾਂ ਨੂੰ।ਸੂਰਤ ਪੱਖੋਂ ਤਾਂ ਉਹ ਸਨ ਘੋਨ ਮੋਨ ਪਰ ਗੁਰਬਾਣੀ ਅਤੇ ਸਿੱਖ ਇਤਹਾਸ ਦੇ ਚੰਗੇ ਜਾਣੂ ਹੋਣ ਕਰਕੇ ਦੂਰ ਦੂਰ ਦੇ ਸਿੱਖ ਸਮਾਗਮਾਂ ਵਿਚ ਵੀ ਉਨ੍ਹਾਂ ਨੂੰ ਬੁਲਾਇਆ ਜਾਂਦਾ ਸੀ।ਮੇਰਾ ਉਨ੍ਹਾਂ ਨਾਲ ਅਕਸਰ ਮੇਲ਼ ਮਿਲਾਪ ਹੁੰਦਾ ਰਹਿੰਦਾ ਸੀ।ਪਿਆਰ ਨਾਲ ਉਹ ਮੈਨੂੰ 'ਤ੍ਰੈ-ਨੇਤਰ ਸਿੰਘ' ਕਹਿ ਕੇ ਬੁਲਾਇਆ ਕਰਦੇ ਸਨ।

ਸਾਡੇ ਪਿੰਡ ਆਇਆਂ ਕੋਈ ਗੱਲ ਚੱਲੀ ਤੋਂ ਉਨ੍ਹਾਂ ਮੈਨੂੰ ਆਪਣੀ ਇਕ ਅਜੀਬ ਜਿਹੀ ਹੱਡ-ਬੀਤੀ ਸੁਣਾਈ।ਇੰਗਲੈਂਡ ਰਹਿੰਦੇ ਉਨ੍ਹਾਂ ਦੇ ਸ਼ਰਧਾਲੂਆਂ ਨੇ ਪਿਆਰ ਸਤਿਕਾਰ ਨਾਲ ਉਨ੍ਹਾਂ ਨੂੰ ਆਪਣੇ ਕੋਲ ਯੂ.ਕੇ ਬੁਲਾਇਆ।ਉੱਥੇ ਜਾ ਕੇ ਸੰਤ ਜੀ ਨੂੰ ਪਤਾ ਲੱਗਾ ਕਿ ਉਹ ਸ਼ਰਧਾਲੂ ਉੱਥੇ ਸ਼ਰਾਬ ਦਾ ਕਾਰੋਬਾਰ ਕਰਦੇ ਹਨ।ਜਿਵੇਂ ਸਾਧ ਬਾਬਿਆਂ ਦੇ ਸ਼ਰਧਾਲੂ ਜਨ,ਨਿਜੀ ਕਾਰੋਬਾਰ ਵਿਚ ਬਣਦੇ ਉਤਪਾਦ ਆਪਣੇ ਸੰਤਾਂ ਨੂੰ ਵਰਤਣ ਲਈ ਭੇਟ ਕਰਕੇ ਜਿਆਦਾ ਪ੍ਰਸੰਨ ਹੁੰਦੇ ਹਨ ਤਿਵੇਂ ਇਹ ਇੰਗਲੈਂਡੀਏ ਸ਼ਰਧਾਲੂ ਬਾਬੇ ਗਿਆਨਾ ਨੰਦ ਨੂੰ ਸ਼ਰਾਬ ਦੀ ਪੇਸ਼ਕਸ਼ ਕਰਨ ਲੱਗੇ !

ਸੰਤ ਕਹਿੰਦੇ ਮੈਂ ਉਨ੍ਹਾਂ ਨੂੰ 'ਕੋਈ ਅਕਲ ਨੂੰ ਹੱਥ ਮਾਰੋ !' ਕਹਿ ਕੇ ਵਰਜਿਆ ਵੀ ਪਰ ਉਹ ਸ਼ਰਾਬ ਪੀਣ ਬਾਰੇ ਕਈ ਤਰਾਂ ਦੀਆਂ ਦਲੀਲਾਂ ਦੇਣ ਲੱਗ ਪਏ।ਕਦੇ ਕੋਈ ਬੋਤਲ ਮੇਰੇ ਮੋਹਰੇ ਰੱਖ ਕੇ ਕਿਹਾ ਕਰਨ ਕਿ ਇਹ ਸ਼ਰਾਬ ਨਹੀਂ ਜੌਆਂ ਦਾ ਅਰਕ ਹੀ ਹੈ।ਗਰਮੀਆਂ 'ਚ ਜੌਆਂ ਦੇ ਸੱਤੂ ਵੀ ਸਾਰੇ ਪੀ ਲੈਂਦੇ ਹਨ,ਇਸ 'ਪਾਣੀ' ਨੂੰ ਵੀ ਸੱਤੂ ਹੀ ਸਮਝੋ।ਕਦੇ ਕਿਸੇ ਹੋਰ ਰੰਗ ਦੀ ਬੋਤਲ ਮੇਰੇ ਅੱਗੇ ਰੱਖਕੇ ਕਹਿਣ ਕਿ ਇਹਨੂੰ ਤਾਂ ਇੱਥੇ ਆਪਣੀਆਂ ਬੀਬੀਆਂ ਵੀ ਪੀ ਲੈਂਦੀਆਂ ਹਨ !ਤੁਸੀਂ ਇਹ ਤਾਂ ਛਕ ਕੇ ਦੇਖੋ ?

ਮੇਰੇ ਵਲੋਂ ਪੱਕਾ ਇਨਕਾਰ ਕਰੀ ਜਾਣ 'ਤੇ ਉਹ ਇਕ ਦਿਨ ਥੋੜਾ ਝੂੰਜਲਾ ਕੇ ਕਹਿਣ ਲੱਗੇ ਕਿ ਸੰਤ ਜੀ ਤੁਸੀਂ ਸਾਡੀ ਸ਼ੌਪ 'ਤੇ ਚੱਲ ਕੇ ਦੇਖਿਉ ਸਾਡੇ ਕੋਲ਼ੋਂ ਰਾਗੀ ਢਾਡੀ ਅਤੇ ਕਈ 'ਜਥੇਦਾਰ' ਵੀ ਫਲਾਣੇ ਬਰਾਂਡ ਦੀ ਸ਼ਰਾਬ ਲੈਣ ਆਉਂਦੇ ਹਨ।ਜੇ ਉਹ ਧਾਰਮਿਕ ਪ੍ਰਚਾਰਕ ਲੋਕ ਕਿਤੇ ਥੋੜੀ ਬਹੁਤ ਸ਼ਰਾਬ ਪੀ ਲੈਂਦੇ ਹਨ ਤਾਂ ਸਾਡੀ 'ਸ਼ਰਧਾ ਪੂਰੀ ਕਰਦਿਆਂ' ਤੁਹਾਡੇ ਦੋ ਘੁੱਟ ਪੀਣ ਨਾਲ ਕੀ ਗੁਨਾਹ ਹੋ ਚੱਲਿਆ ਐ ਭਲਾ ? ਗਿਆਨਾ ਨੰਦ ਕਹਿੰਦੇ ਉਨ੍ਹਾਂ ਮੂੰਹੋਂ ਇਹ ਗੱਲ ਸੁਣਕੇ ਮੈਂ ਹੱਸਦਿਆਂ ਕਿਹਾ-

'ਬਸ ਬਸ ਬਸ.....ਭਾਈ ਸਿੱਖੋ,ਮੈਂ ਇਸੇ ਕਰਕੇ ਹੀ ਨਹੀਂ ਪੀਂਦਾ ਕਿ ਕੋਈ ਇੱਕ-ਅੱਧ ਧਾਰਮਿਕ ਪ੍ਰਚਾਰਕ ਐਸਾ ਵੀ ਹੋਣਾ ਹੀ ਚਾਹੀਦਾ ਹੈ ਕਿ ਜਿਹਦੀ 'ਨਾ ਪੀਂਦਾ ਹੋਣ ਦੀ' ਮਿਸਾਲ ਦਿੱਤੀ ਜਾ ਸਕੇ ਬਈ ਅਜਿਹਾ ਵੀ ਕੋਈ ਚਾਹੀਦਾ ਈ ਐ ਕਿ ਨਹੀਂ ?'

ਦੂਸਰੀ ਨਿਗੂਣੀ ਜਿਹੀ 'ਕਮਾਲ' ਮੇਰੇ ਨਿੱਜ ਨਾਲ਼ ਸਬੰਧਤ ਹੈ-ਸਾਡੇ ਪਿੰਡ ਲਾਗੇ




ਵਗਦੇ ਸਤਲੁਜ ਦਰਿਆ ਵੱਲ੍ਹ ਦੇ ਪਾਸੇ 'ਫਲਾਹੀਆਂ' ਨਾਮ ਦੀ ਝਿੜੀ(ਜੋ ਕਿਸੇ ਸਮੇਂ ਪਸ਼ੂਆਂ ਦੀ ਖੁਲ੍ਹੀ ਚਰਾਂਦ ਹੁੰਦੀ ਸੀ)ਵਿੱਚ ਪੰਜਾਂ ਪੀਰਾਂ ਦੀ ਇਕ ਕਬਰ ਹੈ।ਬਜ਼ੁਰਗ ਦੱਸਦੇ ਹੁੰਦੇ ਸਨ ਕਿ ਸੰਨ ਸੰਤਾਲ਼ੀ ਤੋਂ ਪਹਿਲਾਂ ਦੁਪਾਲ ਪੁਰ ਰਹਿੰਦੇ ਕਈ ਮੁਸਲਿਮ ਪ੍ਰਵਾਰਾਂ 'ਚੋਂ ਅਰਾਈਂ ਪ੍ਰਵਾਰ ਇੱਥੇ ਜੁਮੇਂ ਨੂੰ ਕਵਾਲੀਆਂ ਗਾਉਂਦੇ ਹੁੰਦੇ ਸਨ।ਸਾਡੇ ਬਚਪਨ ਵੇਲੇ ਤਾਂ ਉਹ ਬੇਅਬਾਦ ਜਿਹੀ ਹੁੰਦੀ ਸੀ ਪਰ ਹੌਲ਼ੀ ਹੌਲ਼ੀ ਲੋਕੀ ਉੱਥੇ ਮੱਥਾ ਟੇਕਣ ਲੱਗ ਪਏ।ਸਾਡੇ ਦੇਖਦੇ ਦੇਖਦੇ ਉੱਥੇ ਇਕ 'ਮਜੌਰ' ਵੀ ਬਹਿ ਗਿਆ ਜੋ ਹਰੇਕ ਸਾਲਾ 'ਸੱਭਿਆਚਾਰਕ ਮੇਲਾ' ਵੀ ਕਰਾਉਣ ਲੱਗ ਪਿਆ ਕਬਰ ਉੱਤੇ।

ਦੇਖਾ ਦੇਖੀ ਸਾਡੇ ਪਿੰਡ ਦੇ ਬਹੁਤੇ ਲੋਕਾਂ ਵਾਂਗ ਵੀਰਵਾਰ ਜਾਂ ਸ਼ੁੱਕਰਵਾਰ ਵਾਲ਼ੇ ਦਿਨ ਇਕ ਉਹ ਪ੍ਰਵਾਰ ਵੀ ਪੰਜਾਂ ਪੀਰਾਂ ਦੇ ਮੱਥਾ ਟੇਕਣ ਜਾਣ ਲੱਗ ਪਿਆ ਜਿਸ ਟੱਬਰ ਦਾ ਇਕ ਨੌਜਵਾਨ ਮੁੰਡਾ ਮੇਰੇ ਛੋਟੇ ਭਰਾ ਦਾ ਹਮਜਮਾਤੀ ਸੀ।ਇਸੇ ਕਾਰਨ ਉਹਦੀ ਸਾਡੇ ਨਾਲ ਚੰਗੀ ਬਹਿਣੀ-ਉੱਠਣੀ ਸੀ।ਉਹ ਮੁੰਡਾ ਅਕਸਰ ਸਾਡੇ ਨਾਲ ਗੁਰਮਤਿ ਜਾਂ ਗੁਰਬਾਣੀ ਬਾਰੇ ਵੀ ਸਵਾਲ-ਜਵਾਬ ਕਰਦਾ ਰਹਿੰਦਾ ਸੀ।ਉਹਦੇ ਘਰ ਦੇ ਦੂਸਰੇ ਜੀਅ ਤਾਂ ਗਾਹੇ ਬਗਾਹੇ ਪੰਜੀਂ ਪੀਰੀਂ 'ਚਿਰਾ.ਗ' ਵਗੈਰਾ ਕਰਨ ਚਲੇ ਜਾਂਦੇ ਪਰ ਉਹ ਨਹੀਂ ਸੀ ਕਦੇ ਉੱਥੇ ਜਾਂਦਾ ! ਇਸੇ ਦੌਰਾਨ ਕੁੱਝ ਅਰਸੇ ਬਾਅਦ ਸਾਡੇ ਪਿੰਡ ਦੇ ਇਕ ਹੋਰ ਕਹਿੰਦੇ ਕਹਾਉਂਦੇ 'ਸਿੱਖ ਪ੍ਰਵਾਰ' ਨੇ ਵੀ ਪੰਜ ਪੀਰਾਂ ਦੀ ਕਬਰ 'ਤੇ ਜਾਣਾ ਸ਼ੁਰੂ ਕਰ ਦਿੱਤਾ !ਫਲਾਹੀਆਂ ਵਾਲ਼ੀ ਕਬਰ ਦੇ ਨਵੇਂ ਨਵੇਂ ਸ਼ਰਧਾਲੂ ਬਣੇ ਇਸ 'ਸਿੱਖ ਪ੍ਰਵਾਰ' ਦੀ ਮਿਸਾਲ ਦਿੰਦਿਆਂ ਉਸ ਮੁੰਡੇ ਦੇ ਘਰ ਵਾਲਿਆਂ ਨੇ ਕਿਹਾ ਕਿ ਕਾਕਾ ਦੇਖ ਲੈ ਫਲਾਣਿਆਂ ਦਾ ਟੱਬਰ ਵੀ ਚਿਰਾ.ਗ ਕਰਨ ਲੱਗ ਪਿਆ ਐ !ਹੁਣ ਤਾਂ ਤੂੰ ਸਾਡੇ ਨਾਲ ਪੰਜੀ ਪੀਰੀਂ ਚੱਲਿਆ ਕਰ ਮੱਥਾ ਟੇਕਣ ?

ਉਸ ਮੁੰਡੇ ਨੇ ਸਾਡੇ ਘਰੇ ਆ ਕੇ ਮੈਨੂੰ ਦੱਸਿਆ !ਕਹਿੰਦਾ ਭਾਅ ਜੀ ਮੈਂ ਤੁਹਾਡਾ ਨਾਂ ਲੈ ਕੇ ਆਪਣੇ ਘਰ ਦਿਆਂ ਨੂੰ ਕਿਹਾ ਕਿ ਜਿਸ ਦਿਨ ਬੀਰੇ ਹੁਣਾ ਦੇ ਘਰ ਦੇ ਉੱਥੇ ਜਾਣ ਲੱਗ ਪਏ ਫੇਰ ਮੈਨੂੰ ਦੱਸਿਉ,ਮੈਂ ਵੀ ਜ਼ਰੂਰ ਚਲਾ ਜਾਇਆ ਕਰਾਂ ਗਾ ਤੁਹਾਡੇ ਨਾਲ਼ !!

'ਤਦ ਮੈਂ ਦੇਖ ਅਚੰਭਤ ਹੋਇਆ।
ਸਿੱਖਾਂ ਦੀ ਕਿਸਮਤ ਪਰ ਰੋਇਆ।
ਦੇਖੋ ਯਾਰੋ ਇਹ ਗੁਰ ਪੰਥ।
ਗੁਣਦਾ ਮੂਲ ਨਾ ਗੁਰੂ ਗ੍ਰੰਥ।
ਜਗ੍ਹਾ ਜਗ੍ਹਾ ਪਰ ਭਟਕਤ ਐਸੇ।
ਭੁੱਖਾ ਕਾਗ ਕੁਰੰਗ ਪਰ ਜੈਸੇ।'

-ਗਿਆਨੀ ਦਿੱਤ ਸਿੰਘ ਲਿਖਤ ਕਿਤਾਬ 'ਗੁੱਗਾ ਗਪੌੜਾ ਤੇ ਸੁਲਤਾਨ ਪੁਆੜਾ' ਸਫਾ-45


**ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।**

**403-232-6220**













BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com



TIMMY SHARMA
AUTO MAKERS, WARIS PRODUCTIONS, TIMMY SHARMA, AUTO WORLD SALE, PARWAAZ ENTERTAINMENT,& AR ENTERTAINMENT PRESENTS
WARIS PRODUCTIONS
ਬੰਦੇ ਬਣੋ ਬੰਦੇ
WRITTEN & DIRECTED RANA RANBIR
CO-ACTOR RAJVIR BOPARAI
POSTER AJAY PREET
TICKET AVAILABLE ONLINE AT WERKLUNDCENTRE.CA
DOOR OPEN 05:00PM
SHOW START 06:00PM
MC JASWANT SHARMA
Sunday 29 MARCH 2026
VENUE JACK SINGER CONCERT HALL
Talwinder Parmar : 403-805-0102
Sukh Tiwana : 403-430-0030
Timmy Sharma : 403-992-8192


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8


• Personal Tax Returns
• Corporate Tax Returns
• Bookkeeping
• GST/HST Filing
• Payroll
• WCB Returns
• Tax Planning
• New Business Consultation & Registration
SA SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5


Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ
ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001
iccrc crcic
Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca


Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com


NE
NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
Contact:
DEEP
4205-17 Ave SE
Calgary (AB)
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Fax: 403 313 9993
Email: deep@neauto.ca
www.neauto.ca Ph. 403-263-1000, 403-250-7038

# 2027 ਦੀਆਂ ਚੋਣਾਂ ਕਾਂਗਰਸ ਪਾਰਟੀ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ !

ਕਾਂਗਰਸ ਪਾਰਟੀ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਹੈ ਅਤੇ ਇਸ ਦੀ ਸਥਾਪਨਾ 140 ਸਾਲ ਪਹਿਲਾਂ ਹੋਈ ਸੀ ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੇਸ਼ ਉੱਪਰ ਸਭ ਤੋਂ ਲੰਬੇ ਸਮੇਂ ਲਈ ਰਾਜ ਵੀ ਕਾਂਗਰਸ ਪਾਰਟੀ ਨੇ ਹੀ ਕੀਤਾ ਹੈ ਦੇਸ਼ ਦੇ ਦੋ ਸੂਬੇ ਪੰਜਾਬ ਅਤੇ ਪੱਛਮੀ ਬੰਗਾਲ ਹਮੇਸ਼ਾ ਹੀ ਮੌਕੇ ਦੀਆਂ ਸਰਕਾਰਾਂ ਨੂੰ ਚੁਣੌਤੀ ਦਿੰਦੇ ਰਹੇ ਹਨ ਜੇਕਰ ਅਜ਼ਾਦੀ ਦੇ ਸੰਘਰਸ਼ ਦੀ ਗੱਲ ਕਰੀਏ ਤਾਂ ਉਸ ਸਮੇਂ ਵੀ ਇੰਨਾ ਦੋਵਾਂ ਸੂਬਿਆਂ ਵਿੱਚੋਂ ਹੀ ਅੰਗਰੇਜ਼ੀ ਸ਼ਾਸਕਾਂ ਨੂੰ ਵੱਡੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ ਸੀ ਉਸ ਤੋਂ ਬਾਅਦ ਜਦੋਂ ਇੰਦਰਾ ਗਾਂਧੀ ਦੀ ਸਾਰੇ ਦੇਸ਼ ਅੰਦਰ ਤੂਤੀ ਬੋਲਦੀ ਸੀ ਤਾਂ ਇੰਨਾਂ ਦੋਵਾਂ ਸੂਬਿਆਂ ਅੰਦਰ ਹੀ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਸਨ ਉਹੀ ਸਥਿਤੀ ਮੌਜੂਦਾ ਸਮੇਂ ਬਰਕਰਾਰ ਹੈ ਜਦੋਂ ਭਾਜਪਾ ਵੱਲੋਂ ਮੋਦੀ ਦੀ ਹਨੇਰੀ ਸਾਰੇ ਦੇਸ਼ ਅੰਦਰ ਝੁਲ ਰਹੀ ਹੈ ਤਾਂ ਇਹ ਦੋਵੇਂ ਸੂਬੇ ਭਾਜਪਾ ਦੇ ਰਾਜ ਭਾਗ ਤੋਂ ਬਾਹਰ ਹਨ ਮੋਦੀ ਸਰਕਾਰ ਦੀ ਹਰ ਸੰਭਵ ਕੋਸ਼ਿਸ਼ ਹੈ ਕਿ ਕਿਵੇਂ ਨਾ ਕਿਵੇਂ ਉਨ੍ਹਾਂ ਵੱਲੋਂ ਦਿੱਤੇ ਕਾਂਗਰਸ ਮੁਕਤ ਭਾਰਤ ਦਾ ਨਿਸ਼ਾਨਾ ਪੂਰਾ ਕੀਤਾ ਜਾਵੇ ਕਿਉਂਕਿ ਪੱਛਮੀ ਬੰਗਾਲ ਵਿਧਾਨ ਸਭਾ ਦੀ ਚੋਣ ਇਸੇ ਸਾਲ 2026 ਚ ਹੋਣੀ ਹੈ ਅਤੇ ਪੰਜਾਬ ਵਿਧਾਨ ਸਭਾ ਦੀ ਚੋਣ ਅਗਲੇ ਸਾਲ 2027 ਦੇ ਸ਼ੁਰੂ ਵਿੱਚ ਹੋਣੀ ਹੈ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਇਸ ਤੋਂ ਪਹਿਲਾਂ ਲਗਾਤਾਰ ਤਿੰਨ ਵਾਰ ਮੁੱਖ ਮੰਤਰੀ ਬਣ ਚੁੱਕੀ ਹੈ ਅਤੇ ਚੌਥੀ ਵਾਰ ਮੁੱਖ ਮੰਤਰੀ ਬਣਨ ਜਾ ਰਹੀ ਹੈ ਭਾਜਪਾ ਵੱਲੋਂ ਉਸ ਦੇ ਜੇਤੂ ਰਥ ਨੂੰ ਰੋਕਣ ਲਈ ਤਰ੍ਹਾਂ ਤਰ੍ਹਾਂ ਦੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਹਨ ਪ੍ਰੰਤੂ ਉਮੀਦ ਹੈ ਕਿ ਉਹ ਇੰਨਾਂ ਦੀਆਂ ਸਾਰੀਆਂ ਰੁਕਾਵਟਾਂ ਨੂੰ ਤੋੜ ਦੇਵੇਗੀ ਕਿਉਂਕਿ ਸੂਬੇ ਦੀ ਜਨਤਾ ਉਸ ਦੇ ਨਾਲ ਹੈ ਇਸੇ ਤਰ੍ਹਾਂ ਹੀ ਇਸ ਤੋਂ ਪਹਿਲਾਂ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੇ ਨੇਤਾ ਜਿਓਤੀ ਬਾਸੂ ਵੀ ਲਗਾਤਾਰ ਪੰਜ ਵਾਰ ਪੱਛਮੀ ਬੰਗਾਲ ਵਿਧਾਨ ਸਭਾ ਦੀ ਅਗਵਾਈ ਕਰ ਚੁੱਕੇ ਹਨ ਅਤੇ ਭਾਜਪਾ ਵਰਗੀਆਂ ਫਿਰਕੂ ਪਾਰਟੀਆਂ ਨੂੰ ਪੱਛਮੀ ਬੰਗਾਲ ਦੀ ਜਨਤਾ ਨੇ ਕੋਈ ਤਵੱਜੋਂ ਨਹੀਂ ਦਿੱਤੀ

ਭਾਵੇਂ ਪੰਜਾਬ ਅੰਦਰ ਭਾਜਪਾ ਦੇ ਸਹਿਯੋਗੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਰਾਜ ਭਾਗ ਦੌਰਾਨ ਵੱਡੇ ਵੋਟ ਬੈਂਕ ਨੂੰ ਬਰਕਰਾਰ ਰੱਖਣ ਲਈ ਡੇਰਾਵਾਦ ਨੂੰ ਵੱਡੀ ਪੱਧਰ ਤੇ ਪ੍ਰਫੁੱਲਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਪੰਜਾਬ ਦੀ ਧਰਤੀ ਭਾਵੇਂ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਇਹ ਸਾਰੇ ਡੇਰੇ ਲਗਭਗ ਗੁਰਮਤਿ ਵਿਰੋਧੀ ਹੀ ਹਨ ਪ੍ਰੰਤੂ ਇੰਨਾਂ ਕੁਰਸੀ ਦੇ ਯਾਰਾਂ ਨੂੰ ਤਾਂ ਗੁਰਮਤਿ ਨਾਲ ਕੋਈ ਲਾਗਾ ਦੇਗਾ ਨਹੀਂ ਹੈ ਇੰਨਾਂ ਦਾ ਸਬੰਧ ਸਿਰਫ਼ ਆਪਣੀਆਂ ਵੋਟਾਂ ਨਾਲ ਹੈ ਹੁਣ ਭਾਵੇਂ ਅਜੇ ਤੱਕ ਭਾਜਪਾ ਨੇ ਸੁਖਬੀਰ ਜੁੰਡਲੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਇਸੇ ਕਰਕੇ ਭਾਜਪਾ ਵੀ ਡੇਰਾ ਫੈਕਟਰ ਰਾਹੀਂ ਪੰਜਾਬ ਦੀ ਭੋਲੀ ਭਾਲੀ ਜਨਤਾ ਨੂੰ ਆਪਣੇ ਵੋਟ ਬੈਂਕ ਵਜੋਂ ਵਰਤਣਾ ਚਾਹੁੰਦੀ ਹੈ ਜਿਸ ਕਰਕੇ ਉਹ ਵਾਰ ਵਾਰ ਬਲਾਤਕਾਰੀ ਸਰਸੇ ਵਾਲੇ ਸਾਧ ਨੂੰ ਪੈਰੋਲ ਦੇ ਰਹੀ ਹੈ ਕਦੇ ਰਵਿਦਾਸੀਆ ਭਾਈਚਾਰੇ ਨੂੰ ਸਿੱਖ ਪੰਥ ਤੋਂ ਵੱਖਰਾ ਕਰਨ ਲਈ ਰਵਿਦਾਸ ਭਗਤ ਨੂੰ ਰਵਿਦਾਸ ਗੁਰੂ ਦੇ ਤੌਰ ਤੇ ਪੇਸ਼ ਕਰ ਰਹੀ ਹੈ ਅਤੇ ਡੇਰਾ ਬੱਲਾਂ ਦੇ ਮੁਖੀ ਨੂੰ ਮੋਦੀ ਵੱਲੋਂ ਡੇਰੇ ਪਹੁੰਚ ਕੇ ਪਦਮ ਸ਼ਿਰੀ ਦਾ ਅਵਾਰਡ ਮੁੱਹਈਆ ਕਰਵਾਇਆ ਜਾਂਦਾ ਹੈ ਆਦਮਪੁਰ ਹਵਾਈ ਅੱਡੇ ਦਾ ਨਾਮ ਗੁਰੂ ਰਵਿਦਾਸ ਦੇ ਨਾਮ ਤੇ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਬਿਆਸ ਦਰਿਆ ਨੂੰ ਲਗਾਤਾਰ ਪੂਰ ਕੇ ਉਸ ਦਾ ਰੁਖ ਬਦਲਣ ਵਾਲੇ ਰਾਧਾ ਸੁਆਮੀ ਡੇਰੇ ਦੇ ਮੁਖੀ ਦੇ ਕਹਿਣ ਤੇ ਉਸ ਦੇ ਯਾਰ ਅਤੇ ਰਿਸ਼ਤੇਦਾਰ ਮਜੀਠੀਏ ਦੀ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚੋਂ ਸੁਪਰੀਮ ਕੋਰਟ ਰਾਹੀਂ ਜ਼ਮਾਨਤ ਕਰਵਾਈ ਜਾਂਦੀ ਹੈ

ਭਾਵੇਂ ਕਾਂਗਰਸ ਪਾਰਟੀ ਤੇ ਵੱਡਾ ਦੋਸ਼ ਹੈ ਕਿ ਉਸ ਨੇ ਸਿੱਖ ਕੌਮ ਦੇ ਪਾਵਨ ਅਸਥਾਨ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਤੇ ਦੇਸ਼ ਦੀਆਂ ਫੌਜਾਂ ਰਾਹੀਂ ਹਮਲਾ ਕਰਵਾਇਆ ਸੀ ਇਸ ਵਿੱਚ ਕੋਈ ਝੂਠ ਵੀ ਨਹੀਂ ਹੈ ਕਿਉਂਕਿ ਇੰਦਰਾ ਗਾਂਧੀ ਵੀ ਅਕਾਲੀਆਂ ਤੋਂ ਐਮਰਜੈਂਸੀ ਖਿਲਾਫ ਲਾਏ ਮੋਰਚੇ ਦਾ ਬਦਲਾ ਲੈਣਾ ਚਾਹੁੰਦੀ ਸੀ ਪ੍ਰੰਤੂ ਇਹ ਗੱਲ ਵੀ ਸਾਫ਼ ਹੈ ਕਿ ਇਹ ਫੈਸਲਾ ਇਕੱਲੀ ਇੰਦਰਾ ਗਾਂਧੀ ਦਾ ਨਹੀਂ ਸੀ ਸਗੋਂ ਇਹ ਫੈਸਲਾ ਭਾਰਤੀ ਜਨਤਾ ਪਾਰਟੀ ਦੇ ਵੱਡੇ ਦਬਾਅ ਹੇਠ ਲਿਆ ਗਿਆ ਫੈਸਲਾ ਸੀ ਜਿਸ ਬਾਰੇ ਭਾਜਪਾ ਦੇ ਵੱਡੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਕਿਤਾਬ ਮਾਈ ਕੰਟਰੀ ਮਾਈ ਲਾਈਫ ਵਿੱਚ ਸਪੱਸ਼ਟ ਲਿਖਿਆ ਹੈ ਕਿ ਅਸੀਂ ਇੰਦਰਾ ਗਾਂਧੀ ਨੂੰ ਸਿੱਖਾਂ ਦੇ ਧਾਰਮਿਕ ਅਸਥਾਨ ਤੇ ਹਮਲਾ ਕਰਨ ਲਈ ਮਜਬੂਰ ਕੀਤਾ ਸੀ ਬਾਅਦ ਵਿੱਚ ਭਾਜਪਾ ਦੀ ਲੀਡਰਸ਼ਿਪ ਵੱਲੋਂ ਇੰਦਰਾ ਗਾਂਧੀ ਨੂੰ ਦੁਰਗਾ ਦਾ ਖਿਤਾਬ ਦਿੱਤਾ ਅਤੇ ਇਸ ਕਦਮ ਨੂੰ ਦੇਰੀ ਨਾਲ ਚੁੱਕਿਆ ਸਹੀ ਕਦਮ ਦੱਸਿਆ ਸੀ ਜਿਸ ਕਰਕੇ ਪੰਜਾਬ ਅਤੇ ਪੰਥ ਵਿਰੋਧੀ ਭਾਜਪਾ ਵੀ ਪੰਜਾਬੀਆਂ ਦੀਆਂ ਵੋਟਾਂ ਦੀ ਕਿਸੇ ਵੀ ਤਰ੍ਹਾਂ ਹੱਕਦਾਰ ਨਹੀਂ ਹੈ



ਸੋ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਾਂਗਰਸ ਪਾਰਟੀ ਲਈ ਜਿੱਤਣੀਆਂ ਅਤੀ ਜ਼ਰੂਰੀ ਹਨ ਕਿਉਂਕਿ ਕਾਂਗਰਸ ਪਾਰਟੀ ਦਾ ਸਮੁੱਚੇ ਦੇਸ਼ ਦਾ ਭਵਿੱਖ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਤੇ ਨਿਰਭਰ ਕਰੇਗਾ ਜੇਕਰ ਕਾਂਗਰਸ ਪੰਜਾਬ ਵਿਧਾਨ ਸਭਾ ਹਾਰਦੀ ਹੈ ਤਾਂ ਭਾਜਪਾ ਆਪਣੇ ਕਾਂਗਰਸ ਮੁਕਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਭਗ ਪੂਰੀ ਤਰ੍ਹਾਂ ਸਫਲ ਹੋ ਜਾਵੇਗੀ ਅਤੇ ਜੇਕਰ ਕਾਂਗਰਸ ਪਾਰਟੀ ਪੰਜਾਬ ਵਿਧਾਨ ਸਭਾ ਜਿੱਤ ਜਾਂਦੀ ਹੈ ਤਾਂ ਕਾਂਗਰਸ ਦੀ ਸਮੁੱਚੇ ਦੇਸ਼ ਲਈ ਦੁਬਾਰਾ ਜਿੱਤ ਦਾ ਰਾਹ ਵੀ ਖੁੱਲ ਸਕਦਾ ਹੈ ਜਿਸ ਕਰਕੇ ਪੰਜਾਬ ਵਿਧਾਨ ਸਭਾ ਦੀ ਜਿੱਤ ਜਾਂ ਹਾਰ ਕਾਂਗਰਸ ਲਈ ਜ਼ਿੰਦਗੀ ਜਾਂ ਮੌਤ ਦਾ ਸਵਾਲ ਬਣੇਗੀ ਪ੍ਰੰਤੂ ਜੇਕਰ ਕਾਂਗਰਸ ਪਾਰਟੀ ਮੌਜੂਦਾ ਹਾਲਾਤਾਂ ਦੇ ਮੱਦੇਨਜ਼ਰ ਭਰਮ ਪਾਲੀ ਬੈਠੀ ਹੋਵੇਗੀ ਕਿ ਅਸੀਂ ਵਿਧਾਨ ਸਭਾ ਜਿੱਤ ਜਾਵਾਂਗੇ ਇਹ ਉਨ੍ਹਾਂ ਦੀ ਵੱਡੀ ਮੂਰਖਤਾ ਹੋਵੇਗੀ ਅੱਜ ਵੱਡੀ ਲੋੜ ਹੈ ਪੰਜਾਬ ਦੇ ਜ਼ਮੀਨੀ ਪੱਧਰ ਤੋਂ ਲੋਕ ਰਾਇ ਜਾਨਣ ਦੀ ਅੱਜ ਪੰਜਾਬੀਆਂ ਦੀ ਵੱਡੀ ਮੰਗ ਹੈ ਕਿ ਜੇਕਰ ਪਾਰਟੀ ਨੇ ਜਿੱਤ ਪ੍ਰਾਪਤ ਕਰਨੀ ਹੈ ਤਾਂ ਵਿਧਾਨ ਸਭਾ ਅੰਦਰ ਭਗਵੰਤ ਮਾਨ ਸਰਕਾਰ ਨੂੰ ਠੋਕਵਾਂ ਜਵਾਬ ਦੇਣ ਲਈ ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦਾ ਨੇਤਾ ਬਣਾਇਆ ਜਾਵੇ ਵਿਜੇਇੰਦਰ ਸਿੰਗਲਾ ਨੂੰ ਕਾਂਗਰਸ ਦਾ ਪ੍ਰਧਾਨ ਬਣਾਇਆ ਜਾਵੇ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦੇ ਆਹੁਦੇ ਲਈ ਉਮੀਦਵਾਰ ਬਣਾਇਆ ਜਾਵੇ ਪ੍ਰਗਟ ਸਿੰਘ ਅਤੇ ਰਾਣਾ ਗੁਰਜੀਤ ਸਿੰਘ ਨੂੰ ਵੀ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣ ਨਹੀਂ ਤਾਂ ਮੌਜੂਦਾ ਲੀਡਰਸ਼ਿਪ ਦੀ ਅਗਵਾਈ ਹੇਠ ਪਾਰਟੀ 25-30 ਦੇ ਅੰਕੜੇ ਨੂੰ ਵੀ ਪਾਰ ਨਹੀਂ ਕਰ ਸਕੇਗੀ ਅੱਜ 35 -40 ਵਿਧਾਨ ਸਭਾ ਹਲਕੇ ਬਿਨਾਂ ਹਲਕਾ ਇੰਚਾਰਜਾਂ ਦੇ ਹੀ ਖਾਲੀ ਪਏ ਹਨ ਜਿਸ ਕਰਕੇ ਉਨ੍ਹਾਂ ਹਲਕਿਆਂ ਅੰਦਰ ਪਾਰਟੀ ਦੇ ਵਰਕਰਾਂ ਅੰਦਰ ਕੋਈ ਉਤਸ਼ਾਹ ਹੀ ਨਹੀਂ ਹੈ ਘੱਟੋ ਘੱਟ ਹਲਕੇ ਦੇ ਵਰਕਰਾਂ ਨੂੰ ਇਹ ਤਾਂ ਪਤਾ ਹੋਵੇ ਕਿ ਸਾਡੀ ਪਾਰਟੀ ਵੱਲੋਂ ਸਾਡੇ ਹਲਕੇ ਤੋਂ ਕਿਸ ਵਿਅਕਤੀ ਨੇ ਚੋਣ ਲੜਨੀ ਹੈ ਦੂਸਰਾ ਜਿੰਨਾਂ ਵਿਅਕਤੀਆਂ ਦੇ ਨਾਮ ਪਿਛਲੀ ਸਰਕਾਰ ਦੌਰਾਨ ਮੰਤਰੀ ਪਦ ਤੇ ਰਹਿੰਦਿਆਂ ਹੋਇਆ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਸਾਹਮਣੇ ਆਏ ਸਨ ਉਨ੍ਹਾਂ ਨੂੰ ਚੋਣਾਂ ਤੋਂ ਦੂਰ ਰੱਖਣਾ ਹੀ ਪਾਰਟੀ ਦੇ ਹਿੱਤ ਵਿੱਚ ਹੋਵੇਗਾ ਤਾਂ ਕਿ ਵਿਰੋਧੀ ਧਿਰਾਂ ਦੇ ਦੋਸ਼ਾਂ ਤੋਂ ਪੂਰੀ ਤਰਾਂ ਬਚਿਆ ਜਾ ਸਕੇ ਬਾਕੀ ਮੌਜੂਦਾ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਉਜਾਗਰ ਕਰਨ ਦਾ ਪਾਰਟੀ ਕੋਲ ਬਹੁਤ ਢੁਕਵਾਂ ਸਮਾਂ ਹੈ ਜੇਕਰ ਪਾਰਟੀ ਹਾਈਕਮਾਂਡ ਹੁਣ ਵੀ ਵਕਤ ਦੀ ਪਛਾਣ ਕਰਨ ਤੋਂ ਖੁੰਝ ਗਈ ਤਾਂ ਬਾਅਦ ਵਿੱਚ ਪਾਰਟੀ ਕੋਲ ਇਕੱਲਾ ਪਛਤਾਵਾ ਹੀ ਰਹਿ ਜਾਵੇਗਾ ਅਤੇ ਹੋ ਸਕਦਾ ਕਾਂਗਰਸ ਪਾਰਟੀ ਦੇਸ਼ ਦੇ ਨਕਸ਼ੇ ਤੋਂ ਹੀ ਮਿਟ ਜਾਵੇ ਸੋ ਲੋੜ ਹੈ ਪਾਰਟੀ ਹਾਈਕਮਾਂਡ ਨੂੰ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੂੰ ਵਕਾਰ ਦਾ ਸਵਾਲ ਸਮਝ ਕੇ ਲੜਿਆ ਜਾਵੇ

**ਹਰਮੀਤ ਸਿੰਘ ਮਹਿਰਾਜ**
ਵਟਸਐਪ ਨੰ 98786-91567















"ਕਮਾਲ ਦੇ ਬੰਦੇ"

ਹਰਜਿੰਦਰ ਸਿੰਘ ਬਸਿਆਲਾ

# ਦੌਲਤ ਦੇ ਸਮੁੰਦਰ ਵਿੱਚ, ਉਹ ਨਿਮਰਤਾ ਦਾ ਇੱਕ ਟਾਪੂ ਅਤੇ ਨਿਰਸਵਾਰਥ ਸੇਵਾ ਦੀ ਇੱਕ ਬਲਦੀ ਹੋਈ ਲਾਟ ਹਨ-ਮਿਸਟਰ ਬਰੂਸ ਪੁਲਮਨ

ਕਿਹਾ ਜਾਂਦਾ ਹੈ ਕਿ ਜੇਕਰ ਕੋਈ ਕਿਸੇ ਦੀ ਸ਼ਖਸੀਅਤ ਦੀ ਝਲਕ ਦੇਖਣਾ ਚਾਹੁੰਦਾ ਹੈ, ਤਾਂ ਕੁਦਰਤ ਰਾਹੀਂ ਪਹਿਲਾਂ ਤੋਂ ਮੌਜੂਦ ਉਦਾਹਰਣਾਂ ਤੋਂ ਉੱਪਰ ਕੁਝ ਵੀ ਨਹੀਂ ਹੈ। ਜਿਸ ਤਰ੍ਹਾਂ ਫਲਾਂ ਨਾਲ ਲੱਦਿਆ ਹੋਇਆ ਰੁੱਖ ਧਰਤੀ ਵੱਲ ਜ਼ਿਆਦਾ ਝੁਕਦਾ ਹੈ, ਬਿਲਕੁਲ ਉਸੇ ਤਰ੍ਹਾਂ, ਬਹੁਤ ਜ਼ਿਆਦਾ ਦੌਲਤ ਹੋਣ ਦੇ ਬਾਵਜੂਦ ਨਿਮਰ ਰਹਿਣਾ




ਇੱਕ ਗੁਣੀ ਮਨੁੱਖ ਦੀ ਪਛਾਣ ਹੈ। ਸਮੁੰਦਰ ਆਪਣੇ ਅੰਦਰ ਬੇਅੰਤ ਖਜ਼ਾਨੇ ਰੱਖਦਾ ਹੈ, ਪਰ ਉਹ ਕਦੇ ਸ਼ੋਰ ਨਹੀਂ ਮਚਾਉਂਦਾ। ਉਹ ਸ਼ਾਂਤ ਅਤੇ ਸੰਜਮੀ ਰਹਿੰਦਾ ਹੈ। ਇੱਕ ਅਮੀਰ ਪਰ ਸਾਧਾਰਨ ਵਿਅਕਤੀ ਬਿਲਕੁਲ ਸਮੁੰਦਰ ਵਰਗਾ ਹੁੰਦਾ ਹੈ। ਪਹਾੜਾਂ ਵਿੱਚੋਂ ਨਿਕਲਣ ਵਾਲੀ ਨਦੀ ਹਮੇਸ਼ਾ ਉਚਾਈਆਂ ਤੋਂ ਡੂੰਘਾਈਆਂ ਵੱਲ ਵਹਿੰਦੀ ਹੈ ਅਤੇ ਰਸਤੇ ਵਿੱਚ ਸਭ ਦੀ ਪਿਆਸ ਬੁਝਾਉਂਦੀ ਹੈ।

ਗੁਰਬਾਣੀ ਵਿੱਚ ਵੀ ਇਸਦਾ ਵਰਣਨ ਹੈ: ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ (ਜੇਕਰ ਤਰਾਜ਼ੂ 'ਤੇ ਰੱਖ ਕੇ ਤੋਲਿਆ ਜਾਵੇ, ਤਾਂ ਜਿਹੜਾ ਪਾਸਾ ਨਿਵਦਾ/ਝੁਕਦਾ ਹੈ, ਉਹ ਭਾਰਾ ਭਾਵ ਗੁਣਵਾਨ ਹੁੰਦਾ ਹੈ)।

ਆਓ, ਅੱਜ 82 ਸਾਲ ਦੀ ਉਮਰ ਵਿੱਚ ਸੇਵਾ ਅਤੇ ਖੇਡਾਂ ਨੂੰ ਸਮਰਪਿਤ ਇੱਕ ਅਜਿਹੀ ਸ਼ਖਸੀਅਤ ਬਾਰੇ ਗੱਲ ਕਰੀਏ, ਜਿਨ੍ਹਾਂ ਦਾ ਨਾਮ ਮਿਸਟਰ ਬਰੂਸ ਪੁਲਮਨ ਹੈ। ਉਹ ਦੌਲਤ ਦੇ ਸਮੁੰਦਰ ਵਿੱਚ ਨਿਮਰਤਾ ਦਾ ਇੱਕ ਟਾਪੂ ਅਤੇ ਨਿਰਸਵਾਰਥ ਸੇਵਾ ਦੀ ਇੱਕ ਬਲਦੀ ਹੋਈ ਲਾਟ ਹਨ। ਆਓ! ਅਥਾਹ ਦੌਲਤ ਦੇ ਮਾਲਕ ਅਤੇ ਇਸ ਦੌਲਤ ਨੂੰ ਚੰਗੇ ਪਾਸੇ ਲਾ ਰਹੇ ਇਸ ਵਿਲੱਖਣ ਵਿਅਕਤੀ ਬਾਰੇ ਜਾਣੀਏ:-

ਮੁੱਢਲਾ ਜੀਵਨ: ਸਖ਼ਤ ਮਿਹਨਤ ਦੀ ਨੀਂਹ

ਬਰੂਸ ਪੁਲਮਨ ਦਾ ਪੂਰਾ ਨਾਮ ਰੌਬਰਟ ਬਰੂਸ ਪੁਲਮਨ ਹੈ। ਉਨ੍ਹਾਂ ਦਾ ਜਨਮ 1943 ਵਿੱਚ ਨਿਊਜ਼ੀਲੈਂਡ ਦੇ ਇੱਕ ਛੋਟੇ ਜਿਹੇ ਕਸਬੇ, ਟੂਆਕਾਊ (Tuakau) ਵਿੱਚ ਹੋਇਆ ਸੀ। ਇੱਕ ਕਿਸਾਨ ਪਰਿਵਾਰ ਵਿੱਚ ਜਨਮ ਲੈਣ ਕਰਕੇ, ਸਖ਼ਤ ਮਿਹਨਤ ਅਤੇ ਜ਼ਮੀਨ ਨਾਲ ਜੁੜੇ ਰਹਿਣ ਦੇ ਗੁਣ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲੇ। ਉਨ੍ਹਾਂ ਨੇ ਆਪਣੀ ਸੈਕੰਡਰੀ ਸਿੱਖਿਆ ਪੁਕੇਕੋਹੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦੇ ਸ਼ੁਰੂਆਤੀ ਦਿਨਾਂ ਦੇ ਸੰਘਰਸ਼ਾਂ ਨੇ ਉਨ੍ਹਾਂ ਨੂੰ ਅਜਿਹਾ ਇਨਸਾਨ ਬਣਾਇਆ ਜੋ ਅੱਜ ਖੁਸ਼ਹਾਲ ਹੋਣ ਦੇ ਬਾਵਜੂਦ ਸਾਦਗੀ ਦੀ ਮੂਰਤ ਹਨ। ਬਹੁਤ ਹੀ ਸਾਧਾਰਨ ਜੀਵਨ ਜਿਊਣਾ ਅਤੇ ਆਮ ਲੋਕਾਂ ਵਿੱਚ ਵਿਚਰਨਾ ਉਨ੍ਹਾਂ ਨੂੰ ਇੱਕ ਝਰਨੇ ਵਾਂਗ ਸੰਜਮੀ ਅਤੇ ਸ਼ਾਂਤ ਰੱਖਦਾ ਹੈ।

ਕਾਰੋਬਾਰੀ ਸਫਲਤਾ

ਨਿਊਜ਼ੀਲੈਂਡ ਦੇ ਉਸਾਰੀ (Construction) ਜਗਤ ਵਿੱਚ ਉਨ੍ਹਾਂ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹ ਐਚ. ਈ.ਬੀ. ਕੰਸਟ੍ਰਕਸ਼ਨ ਲਿਮਟਿਡ (HEB Construction Ltd.) ਕੰਪਨੀ ਨੂੰ ਇਸ ਦੀਆਂ ਬੁਲੰਦੀਆਂ 'ਤੇ ਲੈ ਗਏ ਅਤੇ ਮਾਰਫੋਨਾ ਫਾਰਮਜ਼ ਲਿਮਟਿਡ (Marphona Farms Ltd) ਡੇਅਰੀ ਫਾਰਮ ਬਣਾਇਆ, ਜਿਸ ਦੇ ਨਾਲ ਫਾਰਮ 'ਤੇ ਅਧਾਰਿਤ ਗ੍ਰੀਨ ਵੈਲੀ ਡੇਅਰੀਜ਼ ਲਿਮਟਿਡ (Green Valley Dairies Ltd) ਪ੍ਰੋਸੈਸਿੰਗ ਫੈਕਟਰੀ ਹੈ।

ਐਚ. ਈ.ਬੀ. ਕੰਸਟਰਕਸ਼ਨ ਦਾ ਉਭਾਰ: 1980 ਵਿੱਚ, ਉਨ੍ਹਾਂ ਨੇ ਇਸ ਕੰਪਨੀ ਦੀ ਕਮਾਨ ਸੰਭਾਲੀ। ਤਕਨੀਕੀ ਸਮਝ ਅਤੇ ਪ੍ਰਬੰਧਕੀ ਹੁਨਰ ਰਾਹੀਂ, ਉਨ੍ਹਾਂ ਨੇ 852 ਨੂੰ ਦੇਸ਼ ਦੀਆਂ ਚੋਟੀ ਦੀਆਂ 3 ਸਿਵਲ ਕੰਸਟਰਕਸ਼ਨ ਕੰਪਨੀਆਂ ਵਿੱਚ ਸ਼ਾਮਲ ਕੀਤਾ। ਉਨ੍ਹਾਂ ਦੀ ਕੰਪਨੀ ਨੇ ਵੱਡੇ ਹਾਈਵੇਅ, ਗੁੰਝਲਦਾਰ ਪੁਲ ਅਤੇ ਸਮੁੰਦਰੀ ਬੰਦਰਗਾਹਾਂ ਬਣਾਉਣ ਵਿੱਚ ਮਹਾਰਤ ਹਾਸਲ ਕੀਤੀ।

ਖੇਤੀਬਾੜੀ ਵਿੱਚ ਕ੍ਰਾਂਤੀ: ਬਰੂਸ ਦੀ ਮਹਾਰਤ ਸਿਰਫ਼ ਉਸਾਰੀ ਤੱਕ ਸੀਮਤ ਨਹੀਂ ਰਹੀ। ਉਨ੍ਹਾਂ ਨੇ 'ਮਾਰਫੋਨਾ ਫਾਰਮਜ਼' ਰਾਹੀਂ ਡੇਅਰੀ ਫਾਰਮਿੰਗ ਵਿੱਚ ਨਵੇਂ ਮਾਪਦੰਡ ਸਥਾਪਿਤ ਕੀਤੇ। ਇਹ ਫਾਰਮ ਆਪਣੀ ਆਧੁਨਿਕ ਤਕਨੀਕ ਅਤੇ ਉੱਚ ਉਤਪਾਦਨ ਲਈ ਨਿਊਜ਼ੀਲੈਂਡ ਵਿੱਚ ਮਸ਼ਹੂਰ ਹੈ। ਮਾਂਗਾਤਾਵ੍ਹਿ5ਰੀ (Mangatawhiri), ਉੱਤਰੀ ਵਾਇਕਾਟੋ ਵਿੱਚ ਸਥਿਤ, ਇਹ 1983 ਵਿੱਚ ਸਥਾਪਿਤ ਕੀਤਾ ਗਿਆ ਸੀ। ਮਾਰਫੋਨਾ ਫਾਰਮਜ਼ ਸਾਲਾਨਾ 3000 ਤੋਂ ਵੱਧ ਗਾਵਾਂ ਦਾ ਦੁੱਧ ਚੋਂਦਾ ਹੈ, ਜਿਸ ਵਿੱਚ ਸੀਜ਼ਨ ਦੌਰਾਨ ਦਿਨ ਵਿੱਚ ਦੋ ਵਾਰ ਦੁੱਧ ਚੋਇਆ ਜਾਂਦਾ ਹੈ ਅਤੇ ਪੰਜ ਨਾਲ ਲੱਗਦੀਆਂ ਜਾਇਦਾਦਾਂ ਵਿੱਚ 1000 ਰੀਪਲੇਸਮੈਂਟ ਜਾਨਵਰਾਂ ਦੇ ਨਾਲ 300 ਬੀਫ ਜਾਨਵਰ ਹਨ। ਮਾਰਫੋਨਾ ਫਾਰਮਜ਼ ਆਪਣੇ ਮਿਲਕਿੰਗ ਸ਼ੈੱਡਾਂ ਰਾਹੀਂ ਆਧੁਨਿਕ ਡੇਲਾਵਲ ਰੋਟਰੀ (DeLaval Rotary) ਮਿਲਕਿੰਗ ਪ੍ਰਣਾਲੀਆਂ ਦੀ ਵਰਤੋਂ ਕਰਦਾ ਹੈ - 3 ਰੋਟਰੀ ਅਤੇ 1 ਹੈਰਿੰਗਬੋਨ, ਜੋ ਸਾਲਾਨਾ 8.5-9 ਮਿਲੀਅਨ ਲੀਟਰ ਜੈਵਿਕ (Organic) ਅਤੇ ਰਵਾਇਤੀ ਤਾਜ਼ਾ ਦੁੱਧ ਪੈਦਾ ਕਰਦਾ ਹੈ, ਜਿਸ ਨੂੰ ਮਿਲਕਿੰਗ ਸ਼ੈਡ ਤੋਂ ਸਿੱਧਾ ਸਾਈਟ 'ਤੇ ਸਥਿਤ ਮਿਲਕ ਫੈਕਟਰੀ 'ਗ੍ਰੀਨ ਵੈਲੀ ਡੇਅਰੀਜ਼' ਰਾਹੀਂ ਪ੍ਰੋਸੈਸ ਕੀਤਾ ਜਾਂਦਾ ਹੈ। ਗ੍ਰੀਨ ਵੈਲੀ ਡੇਅਰੀਜ਼ ਆਪਣੇ 'ਫਾਰਮ-ਟੂ-ਬੋਟਲ' ਮਾਡਲ ਲਈ ਮਸ਼ਹੂਰ ਹੈ, ਜੋ ਨਿਊਜ਼ੀਲੈਂਡ ਦੇ ਉਪਭੋਗਤਾਵਾਂ ਲਈ ਬੇਮਿਸਾਲ ਗੁਣਵੱਤਾ, ਤਾਜ਼ਗੀ ਅਤੇ ਭਰੋਸੇਯੋਗਤਾ ਨੂੰ ਯਕੀਨੀ ਬਣਾਉਣ ਲਈ ਮਾਰਫੋਨਾ ਫਾਰਮਜ਼ ਵਿਖੇ ਸਿੱਧੇ ਸਾਈਟ 'ਤੇ ਤਾਜ਼ਾ ਦੁੱਧ ਪ੍ਰੋਸੈਸ ਕਰਦੀ ਹੈ। ਕੁੱਲ ਮਿਲਾ ਕੇ, ਗ੍ਰੀਨ ਵੈਲੀ ਡੇਅਰੀਜ਼ ਸਾਲਾਨਾ ਲਗਭਗ 20 ਮਿਲੀਅਨ ਲੀਟਰ ਦੁੱਧ ਪ੍ਰੋਸੈਸ ਕਰਦੀ ਹੈ, ਜਿਸ ਵਿੱਚ ਹੋਰ ਫਾਰਮ ਵੀ




ਤਾਜ਼ਾ ਦੁੱਧ ਦੀ ਸਪਲਾਈ ਕਰਦੇ ਹਨ।

**ਬਰੂਸ ਪੁਲਮਨ ਪਾਰਕ:**
**ਇੱਕ ਸੁਪਨਾ ਜੋ ਹਕੀਕਤ ਬਣਿਆ**

ਸਭ ਤੋਂ ਵੱਡੀ ਪ੍ਰਾਪਤੀ ਟਾਕਾਨਿਨੀ-ਪਾਪਾਕੁਰਾ, ਸਾਊਥ ਆਕਲੈਂਡ ਵਿੱਚ 'ਬਰੂਸ ਪੁਲਮਨ ਪਾਰਕ' ਹੈ। ਇਹ 64 ਹੈਕਟੇਅਰ (158 ਏਕੜ) ਵਿੱਚ ਫੈਲਿਆ ਹੋਇਆ ਹੈ। ਇਸ ਵਿੱਚ ਇੱਕ ਵਿਸ਼ਵ ਪੱਧਰੀ ਜਿਮਨਾਸਟਿਕ ਸੈਂਟਰ, ਇੱਕ ਵਿਸ਼ਾਲ ਇਨਡੋਰ ਐਰੀਨਾ (ਪੁਲਮਨ ਐਰੀਨਾ), ਨੈੱਟਬਾਲ ਕੋਰਟ ਅਤੇ ਕ੍ਰਿਕਟ/ਰਗਬੀ ਦੇ ਮੈਦਾਨ ਹਨ।

ਜ਼ਮੀਨ ਅਤੇ ਪ੍ਰਬੰਧਨ: ਹਾਲਾਂਕਿ ਜ਼ਮੀਨ ਦੀ ਮਲਕੀਅਤ ਆਕਲੈਂਡ ਕੌਂਸਲ ਕੋਲ ਹੈ, ਪਰ ਬਰੂਸ ਪੁਲਮਨ ਨੇ ਬੁਨਿਆਦੀ ਢਾਂਚਾ ਤਿਆਰ ਕਰਨ ਲਈ ਆਪਣੀ ਜੇਬ ਵਿੱਚੋਂ ਲੱਖਾਂ ਡਾਲਰ ਖਰਚ ਕੀਤੇ। ਉਨ੍ਹਾਂ ਨੇ ਇਸ ਦੀ ਦੇਖਭਾਲ ਲਈ 'ਬਰੂਸ ਪੁਲਮਨ ਪਾਰਕ ਟਰੱਸਟ' ਦੀ ਸਥਾਪਨਾ ਕੀਤੀ।

ਮਕਸਦ: ਉਨ੍ਹਾਂ ਦਾ ਮੁੱਖ ਉਦੇਸ਼ ਇਹ ਸੀ ਕਿ ਸਾਊਥ ਆਕਲੈਂਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਉੱਚ ਪੱਧਰੀ ਖੇਡ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਜੋ ਆਮ ਤੌਰ 'ਤੇ ਸਿਰਫ਼ ਮਹਿੰਗੇ ਕਲੱਬਾਂ ਵਿੱਚ ਹੀ ਉਪਲਬਧ ਹੁੰਦੀਆਂ ਹਨ।

**ਨਿੱਜੀ ਜੀਵਨ ਅਤੇ ਪਤਨੀ ਜੈਸੀ ਪੁਲਮਨ**

ਇਨ੍ਹਾਂ ਸਾਰੇ ਯਤਨਾਂ ਵਿੱਚ ਉਨ੍ਹਾਂ ਦੀ ਪਤਨੀ ਜੈਸੀ ਪੁਲਮਨ ਦਾ ਬਰਾਬਰ ਦਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਨਾ ਸਿਰਫ਼ ਪਰਿਵਾਰ ਨੂੰ ਸੰਭਾਲਿਆ ਸਗੋਂ 852 ਕੰਸਟਰਕਸ਼ਨ ਲਿਮਟਿਡ ਦੇ ਵਿਕਾਸ ਅਤੇ ਪਾਰਕ ਦੇ ਨਿਰਮਾਣ ਵਿੱਚ ਮੋਹਰੀ ਭੂਮਿਕਾ ਨਿਭਾਈ। ਇਹ ਜੋੜਾ ਆਪਣੀ ਨਿਮਰਤਾ ਲਈ ਜਾਣਿਆ ਜਾਂਦਾ ਹੈ—ਉਨ੍ਹਾਂ ਨੂੰ ਅਕਸਰ ਪਾਰਕ ਵਿੱਚ ਸਾਧਾਰਨ ਕੱਪੜਿਆਂ ਵਿੱਚ ਘੁੰਮਦੇ ਅਤੇ ਲੋਕਾਂ ਨਾਲ ਗੱਲਬਾਤ ਕਰਦੇ ਦੇਖਿਆ ਜਾ ਸਕਦਾ ਹੈ।

**ਦੌਲਤ ਅਤੇ ਜੀਵਨ ਸ਼ੈਲੀ:** ਬਰੂਸ ਪੁਲਮਨ ਦੀ ਗਿਣਤੀ ਨਿਊਜ਼ੀਲੈਂਡ ਦੇ ਅਮੀਰ ਵਿਅਕਤੀਆਂ ਦੇ ਵਿਚ ਹੈ। ਕਿੰਨੀ ਦੌਲਤ ਉਨ੍ਹਾਂ ਕੋਲ ਹੈ, ਉਹ ਇਸ ਬਾਰੇ ਦੱਸ ਕੇ ਹਉਮੇ ਦਾ ਸ਼ਿਕਾਰ ਨਹੀਂ ਹੋਣਾ ਚਾਹੁੰਦੇ ਜੋ ਕਿ ਉਨ੍ਹਾਂ ਦੀ ਸਧਾਰਨ ਜੀਵਨ ਸ਼ੈਲੀ ਨੂੰ ਪ੍ਰਭਾਵਿਤ ਕਰ ਸਕਦੀ ਹੈ। ਬਰੂਸ ਪੁਲਮਨ ਦੀ ਮੈਨੇਜਰ ਸਰਬਜੀਤ ਕੌਰ ਅਨੁਸਾਰ ਉਨ੍ਹਾਂ ਨੇ ਕਦੀ ਐਨੀ ਸਧਾਰਨ ਜ਼ਿੰਦਗੀ ਜਿਉਣ ਵਾਲਾ ਦੇਵਤਾ ਇਨਸਾਨ ਨਾ ਸੁਣਿਆ ਨਾ ਵੇਖਿਆ ਹੈ।

**ਦਾਨ ਦਾ ਇਤਿਹਾਸ:** ਉਨ੍ਹਾਂ ਨੇ ਪਿਛਲੇ ਸਾਲਾਂ ਦੌਰਾਨ ਦੂਜਿਆਂ ਦੀ ਮਦਦ, ਸਮਾਜਿਕ ਕਾਰਜਾਂ ਅਤੇ ਖੇਡਾਂ ਲਈ ਲੱਖਾਂ ਦਾ ਦਾਨ ਦਿੱਤਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਾਡੇ ਨੌਜਵਾਨ ਸਾਡਾ ਭਵਿੱਖ ਹਨ, ਜਿਨ੍ਹਾਂ ਨੂੰ ਸਿਰਫ਼ ਕੁਝ ਉਮੀਦ, ਮੌਕਾ ਅਤੇ ਪਿਆਰ ਦੇਣ ਦੀ ਲੋੜ ਹੈ। ਜੀਵਨ ਵਿੱਚ ਅਸਲ ਉਦੇਸ਼, ਖਾਸ ਕਰਕੇ ਜੇਕਰ ਤੁਸੀਂ ਪਦਾਰਥਕ ਤੌਰ 'ਤੇ ਸਫਲ ਹੋਏ ਹੋ, ਤਾਂ ਇੱਕ ਦੂਜੇ ਦੀ ਸੇਵਾ ਵਿੱਚ ਉਪਯੋਗੀ ਹੋਣਾ ਹੈ।

***ਸਭ ਲਈ ਸਤਿਕਾਰ:*** ਉਹ ਪੰਜਾਬੀ ਅਤੇ ਭਾਰਤੀ ਭਾਈਚਾਰੇ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ; ਇਸ ਭਾਈਚਾਰੇ ਨਾਲ ਸਬੰਧਤ ਉਨ੍ਹਾਂ ਦੇ ਬਹੁਤ ਸਾਰੇ ਨਜ਼ਦੀਕੀ ਦੋਸਤ ਅਤੇ ਕਰਮਚਾਰੀ ਹਨ।ਸਨਮਾਨ: ਨਿਊਜ਼ੀਲੈਂਡ ਸਰਕਾਰ ਨੇ ਉਨ੍ਹਾਂ ਨੂੰ ਕਮਿਊਨਿਟੀ ਸੇਵਾ ਲਈ ਕਵੀਨਜ਼ ਸਰਵਿਸ ਆਰਡਰ (2011) ਅਤੇ ਕਮਿਊਨਿਟੀ ਸੇਵਾ ਲਈ ਕਵੀਨਜ਼ ਸਰਵਿਸ ਮੈਡਲ (1997) ਨਾਲ ਸਨਮਾਨਿਤ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Contact@twcoverings.com
Web: www.twcoverings.com
Timelesswindowcoverings






ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings